# ਸਮਤਾ

ਜੂਨ 1985 (ਅੰਕ 61)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਜਾਤੀ ਲਾਇਬ੍ਰੇਰੀ ਵਿੱਚੋਂ।

ਜੂਨ 1985

ਮੁੱਲ—ਦੋ ਰੁਪਏ

61

## ਇਸ ਅੰਕ ਵਿਚ :

- ਸੰਪਾਦਕੀ : **ਨਿਰਪੱਖ ਹੋ ਕੇ ਸੋਚੀਏ ਅਤੇ ਨਿਡਰ ਹੋ ਕੇ ਖਲੋਈਏ** ਫਿਰਕਾਪ੍ਰਸਤੀ ਇਕ ਕੈਂਸਰ ਰੋਗ ਵਾਕੁਨ ਹੈ, ਜੋ ਹੌਲੇ ਹੌਲੇ ਜਨ-ਸੋਚਣੀ ਵਿਚ ਆਪਣਾ ਜ਼ਹਿਰ ਫੈਲਾ ਰਹੀ ਹੈ। ਕਹਿੰਦੇ ਕਹਿਲਾਂਦੇ ਸਿਆਣੇ ਲੋਕ ਜਦੋਂ ਇਸਦਾ ਸ਼ਿਕਾਰ ਹੋ ਜਾਂਦੇ ਹਨ, ਤਾਂ ਉਹ ਆਪਣੀ ਨਿਰਪੱਖ ਸੋਚ ਸ਼ਕਤੀ ਨੂੰ ਭੁਲਾ ਦੇਂਦੇ ਹਨ ਅਤੇ ਅਚੇਤ ਤੌਰ ਤੇ ਆਪਣੇ ਫਿਰਕੇ ਦਾ ਪੱਖ ਪੂਰਨਾ ਸ਼ੁਰੂ ਕਰ ਦੇਂਦੇ ਹਨ। ਸਾਨੂੰ ਇਸ ਬਾਰੇ ਸੁਚੇਤ ਹੋਣ ਦੀ ਲੋੜ ਹੈ।
- ਸਾਥੀ **ਕੇ. ਵੀ. ਆਰ. ਦਾ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਡੈਲੀਗੇਟਾਂ ਨੂੰ ਇਕ ਸੁਨੇਹਾ** : ਸਾਡਾ ਉਦੇਸ਼ ਲਮਕਵੇਂ ਲੋਕ ਘੋਲਾਂ ਰਾਹੀਂ ਇਕ ਅਜਿਹਾ ਨਿਜ਼ਾਮ ਬਨਾਉਣਾ ਹੈ, ਜਿਸ ਵਿਚ ਸਦੀਆਂ ਪੁਰਾਣੀ ਲੁੱਟ-ਖਸੁੱਟ ਖਤਮ ਹੋ ਸਕੇ।
- ਅੱਜ ਦੇ ਫਿਰਕੂ ਹਨੇਰੀ ਦੇ ਵਾਤਾਵਰਣ ਵਿਚ ਲੋਕ ਪੱਖੀ ਸਭਿਆਚਾਰਕ ਸਮਾਗਮ ਹੀ ਹਨ, ਜੋ ਇਸ ਹਨੇਰੀ ਦਾ ਮੁਕਾਬਲਾ ਕਰ ਸਕਦੇ ਹਨ। **ਲੋਕ ਏਕਤਾ ਯੂਥ ਫਰੰਟ ਦੇ ਸਹਿਯੋਗ ਨਾਲ ਪੰਜਾਬ ਲੋਕ ਸਭਿਆਚਾਰ ਮੰਚ ਵੱਲੋਂ ਕੀਤਾ ਗਿਆ ਰਾਮਪੁਰਾਫੂਲ ਦਾ ਸਮਾਗਮ ਇਸਦੀ ਜੀਂਦੀ ਜਾਗਦੀ ਮਿਸਾਲ ਹੈ** —ਇਕ ਰੀਪੋਰਟ
- ਕੇਂਦਰ ਦੀ ਤਾਨਾਸ਼ਾਹੀ ਵਿਰੁੱਧ ਸੰਘਰਸ਼ ਪੰਜਾਬ ਦਾ ਇਕੱਲਾ ਨਹੀਂ, ਹੋਰ ਸੂਬਿਆਂ ਵਿਚ ਵੀ ਇਹ ਸੰਘਰਸ਼ ਚੱਲ ਰਹੇ ਹਨ। **ਗਿੱਲ ਭਰਾਵਾਂ ਦੀ ਚਿੱਠੀ ਦੇ ਉਤਰ ਵਿਚ ਲਖਨਊ ਦੇ ਕੁਝ ਦੋਸਤਾਂ ਦੀ ਚਿੱਠੀ।**
- ਫਿਰਕੂ ਕਤਲ, ਰਾਜ ਵਿਵਸਥਾ ਅਤੇ ਲੋਕ ਚੇਤਨਾ-ਪੰਜਾਬ ਦੇ ਮਸਲੇ ਬਾਰੇ ਕਰਮ ਬਰਸਟ (ਮਾਰਕਸੀ ਵਿਚਾਰ ਮੰਚ ਪਟਿਆਲਾ) ਦਾ ਇਕ ਲੇਖ ਪੰਜਾਬ ਦੀ ਕਮਿਊਨਿਸਟ ਇਨਕਲਾਬੀਆਂ ਦੇ ਕੁਝ ਗਰੁਪਾਂ ਬਾਰੇ ਵੀ ਨੁਕਤਾਚੀਨੀ। ਲੋੜ ਸਿਰਫ ਸਿਧਾਂਤਕ ਪੁਜ਼ੀਸ਼ਨ ਦੀ ਨਹੀਂ, ਅਮਲ ਦੀ ਹੈ।
- ਜਸਬੀਰ ਮੰਡ ਦੀ ਕਹਾਣੀ **ਉਹ ਅਗਿਆਤ ਵੀਰ** ਖੇਤ ਮਜ਼ਦੂਰਾਂ ਦੀ ਕਹਾਣੀ, ਜੋ ਸੰਘਰਸ਼ ਵਿਚ ਕਿਸਾਨ ਵੀਰਾਂ ਦਾ ਸਾਥ ਦੇਂਦੇ ਹਨ, ਪਰ ਕੀ ਉਹਨਾਂ ਦੇ ਸਾਥ ਦੀ ਕਦਰ ਹੁੰਦੀ ਹੈ ?
- ਗੁਰਬਖਸ਼ ਜੱਸ ਦੀ ਕਵਿਤਾ 'ਮੈਨੂੰ ਬਸ ਮਨੁੱਖ ਹੀ ਰਹਿਣ ਦਿਉ'।
- **ਸਾਡਾ ਭਗਤ ਸਿੰਘ** ਅਮਰਜੀਤ ਚੰਦਨ ਦਾ ਇਕ ਵਿਸ਼ਲੇਸ਼ਣਾਤਮਕ ਲੇਖ, **ਸ਼ਹੀਦ ਭਗਤ ਸਿੰਘ ਨੂੰ ਫਿਰਕਾ-ਪ੍ਰਸਤਾਂ ਅਤੇ ਕੌਮ ਸ਼ਾਵਨਵਾਦੀਆਂ ਕੋਲੋਂ ਬਚਾਉਣ ਦੀ ਲੋੜ ਹੈ।**
- ਪਾਠਕ ਲੇਖਕ ਫੋਰਮ : ਗਿੱਲ ਭਰਾਵਾਂ ਦੀ ਚਿੱਠੀ ਦੇ ਸੰਦਰਭ ਵਿੱਚ। **ਅੱਜ ਲੋੜ ਸਮਝ ਵਾਲੇ ਮਨੁੱਖਾਂ ਦੀ ਹੈ ਨਾ ਕਿ ਬੁਧੀਹੀਨ ਭਮੱਕੜਾਂ ਦੀ।** ਭਮੱਕੜ ਸ਼ਮਾ ਦੇ ਦੁਆਲੇ ਚੱਕਰ ਲਗਾਉਂਦੇ ਅਰਥਹੀਨ ਮੌਤ ਮਰਦੇ ਹਨ। ਨਾ ਉਹ ਆਪਣਾ ਕੁਝ ਸਵਾਰਦੇ ਹਨ ਤੇ ਨਾ ਕਿਸੇ ਹੋਰ ਦਾ ਕੁਝ ਸਵਾਰਦੇ ਹਨ।

## ਨਿਰਪੱਖ ਹੋ ਕੇ ਸੋਚੀਏ ਅਤੇ ਨਿਡਰ ਹੋ ਕੇ ਖੁੱਲ੍ਹੋ

ਸਰਕਾਰ, ਸਿੱਖ ਫਿਰਕੂ ਜਨੂੰਨੀ ਅਤੇ ਹਿੰਦੂ ਫਿਰਕੂ ਜਨੂੰਨੀ ਇਕ ਸ਼ੈਤਾਨੀਅਤ ਵਾਲੇ ਦਾਇਰੇ ਵਿਚ ਘੁੰਮ ਰਹੇ ਹਨ ਅਤੇ ਇਸ ਦਾਇਰੇ ਵਿਚ ਉਹਨਾਂ ਨੇ ਜਨਸਾਧਾਰਨ ਦੀ ਜਾਨ ਛਿੱਕੇ ਤੇ ਟੰਗੀ ਹੋਈ ਹੈ।

- ਬੰਬ ਫਟਦੇ ਹਨ, ਕਤਲ ਹੁੰਦੇ ਹਨ, ਵੱਡੀ ਗਿਣਤੀ ਵਿਚ ਲੋਕ ਪਕੜੇ ਜਾਂਦੇ ਹਨ। ਹਰ ਹਾਦਸਾ ਪੁਲਸ ਲਈ ਸੋਨੇ ਦੀ ਕਾਨ ਹੈ। ਸੌ ਦੇ ਕਰੀਬ ਨੌਜਵਾਨਾਂ ਨੂੰ ਘੇਰ ਲਿਆਓ। ਉਹਨਾਂ ਦੇ ਮਾਪਿਆਂ ਤੋਂ ਪੈਸੇ ਉਗਰਾਹੋ, ਛੱਡ ਦੇਵੋ। ਅਸਲੀ ਬੰਦਿਆਂ ਨੂੰ ਹੱਥ ਨਾ ਪਾਓ ਤਾਂ ਜੋ ਇਹ ਸਿਲਸਿਲਾ ਵੀ ਜਾਰੀ ਰਹੇ ਅਤੇ ਉਗਰਾਹੀ ਦਾ ਅਮਲ ਵੀ ਜਾਰੀ ਰਹੇ।
- ਹਰ ਨੌਜਵਾਨ ਜਿਹੜਾ ਇਕ ਦੋ ਦਿਨ ਵੀ ਪੁਲਸ ਦੀ ਹਿਰਾਸਤ ਵਿਚ ਕੱਟ ਆਂਦਾ ਹੈ, ਹੋਰ ਜ਼ਹਿਰੀ ਹੋ ਕੇ ਬਾਹਰ ਨਿਕਲਦਾ ਹੈ। ਜੇ ਉਹ ਸਿੱਖ ਹੈ ਤਾਂ ਉਹਦਾ ਹਿੰਦੂ ਅਤੇ ਸਰਕਾਰ (ਜੋ ਉਹਦੇ ਵਿਚਾਰ ਅਨੁਸਾਰ ਹਿੰਦੂ ਸਰਕਾਰ ਹੀ ਹੈ) ਵਿਰੁੱਧ ਜ਼ਹਿਰ ਵੱਧਦਾ ਹੈ। ਜੇ ਉਹ ਹਿੰਦੂ ਹੈ ਤਾਂ ਉਹਦਾ ਸਿੱਖ ਅਤੇ ਪੁਲਸ (ਜੋ ਉਹਦੇ ਵਿਚਾਰ ਅਨੁਸਾਰ ਸਿੱਖ ਪੁਲਸ ਹੈ) ਵਿਰੁੱਧ ਜ਼ਹਿਰ ਵੱਧਦਾ ਹੈ, ਵੱਧਦਾ ਜ਼ਹਿਰ ਵਾਤਾਵਰਨ ਨੂੰ ਹੋਰ ਜ਼ਹਿਰੀਲਾ ਬਣਾਉਂਦਾ ਹੈ।
- ਹਿੰਦੂ ਪੰਜਾਬ ਪੁਲਸ ਦੇ ਖਿਲਾਫ਼ ਹੈ ਅਤੇ ਸਿੱਖ ਸੈਂਟਰਲ ਰੀਜ਼ਰਵ ਪੁਲਸ ਦੇ ਖਿਲਾਫ਼ ਹੈ।
- ਹਰ ਇਕ ਖਬਰ ਦਾ ਹਿੰਦੂ ਅਤੇ ਸਿੱਖ ਮਨਾਂ ਵਿਚ ਵੱਖ ਵੱਖ ਪ੍ਰਤੀਕਰਮ ਹੈ। ਚੋਧਰੀ ਬਲਬੀਰ ਸਿੰਘ ਦਾ ਹੁਸ਼ਿਆਰਪੁਰ ਵਿਚ ਕਤਲ ਹੋ ਗਿਆ। ਹਿੰਦੂਆਂ ਦੀ ਸ਼ਿਕਾਇਤ ਹੈ ਕਿ ਪੁਲਸ ਨੇ ਸਿੱਖ ਅਤਿਵਾਦੀਆਂ ਦੀਆਂ ਹਰਕਤਾਂ ਨੂੰ ਨੱਥ ਨਹੀਂ ਪਾਈ। ਸਿੱਖਾਂ ਦੀਆਂ ਦੁਕਾਨਾਂ ਸਾੜੀਆਂ ਗਈਆਂ। ਉਹਨਾਂ ਨੂੰ ਸ਼ਿਕਾਇਤ ਹੈ ਕਿ ਪੁਲਸ ਨੇ ਹਿੰਦੂ ਗੁੰਡਿਆਂ ਨੂੰ ਨੱਥ ਨਹੀਂ ਪਾਈ। ਸਿੱਖ ਦੁਕਾਨਾਂ ਵੀ ਰੋਸ ਵਜੋਂ ਬੰਦ ਹਨ ਅਤੇ ਹਿੰਦੂ ਦੁਕਾਨਾਂ ਵੀ ਰੋਸ ਵਜੋਂ ਬੰਦ ਹਨ।
- ਧਾਰਮਕ ਜਲੂਸ ਨਿਕਲਦੇ ਹਨ। ਗੁਰਪੁਰਬ ਤੱਤੀ ਤਵੀ ਤੇ ਬੈਠ ਕੇ ਸ਼ਹਾਦਤ ਪਾਉਣ ਵਾਲੇ ਗੁਰੂ ਦਾ ਹੈ। ਸ਼ਾਂਤੀ ਅਤੇ ਸੰਤੋਖ ਸ਼ਬਦ ਉਸ ਗੁਰੂ ਦੇ ਨਾਂ ਨਾਲ ਜੁੜੇ ਹੋਏ ਹਨ। ਪਰ ਜਲੂਸ ਵਿਚ ਨਾ ਸ਼ਾਂਤੀ ਦਾ ਵਾਤਾਵਰਨ ਹੈ ਅਤੇ ਨਾ ਹੀ ਸਬਰ ਸੰਤੋਖ ਦੀ ਕੋਈ ਮਿਸਾਲ ਮਿਲਦੀ ਹੈ। ਗਰਮ ਨਾਅਰੇ ਹਨ। ਦੂਜੀ ਧਿਰ ਦੀ ਵੀ ਤਿਆਰੀ ਹੈ। ਇਕ ਅੱਧ ਪੱਥਰ ਜਲੂਸ ਤੇ ਡਿੱਗਦਾ ਹੈ ਜਾਂ ਇਕ ਅੱਧ ਪੱਥਰ ਜਲੂਸ ਵੱਲੋਂ ਆਲੇ ਦੁਆਲੇ ਦੇ ਕਿਸੇ ਕੋਠੇ ਤੇ ਸੁੱਟਿਆ ਜਾਂਦਾ ਹੈ। ਫੇਰ ਚੱਲ-ਸੋ-ਚੱਲ ਪੱਥਰਾਂ ਦੀ ਭਰਮਾਰ, ਅੱਥਰੂ ਗੈਸ, ਲਾਠੀਚਾਰਜ, ਗੋਲੀ ਅਤੇ ਕਰਫ਼ਿਊ। ਬਹਿਸ ਚੱਲ ਰਹੀ ਹੈ ਕਿ ਪਹਿਲਾ ਪੱਥਰ ਕਿਸਨੇ ਮਾਰਿਆ ? ਹਰ ਇਕ ਹਿੰਦੂ ਕਹੇਗਾ ਕਿ ਪਹਿਲਾ ਪੱਥਰ ਜਲੂਸ ਵੱਲੋਂ ਆਇਆ। ਹਰ ਇਕ ਸਿੱਖ ਕਹੇਗਾ ਕਿ ਪਹਿਲਾ ਪੱਥਰ ਹਿੰਦੂਆਂ ਦੇ ਕੋਠਿਆਂ ਵੱਲੋਂ ਆਇਆ। ਪੁਲਸ ਵੱਲੋਂ ਬਾਅਦ ਵਿਚ ਛਾਪੇ। ਸੌ ਕੁ ਬੰਦਾ ਇਕ ਧਿਰ ਦਾ ਘੇਰ ਲਿਆਓ। ਸੌ ਕੁ ਬੰਦਾ ਦੂਜੀ ਧਿਰ ਦਾ ਘੇਰ ਲਿਆਓ।

## ਤੇ ਇਹ ਹੈ ਪੰਜਾਬ

- 24 ਘੰਟਿਆਂ ਵਿਚੋਂ 16 ਘੰਟੇ ਬਿਜਲੀ ਬੰਦ ਹੈ। ਹਿੰਦੂ ਘਰਾਂ ਦੀ ਵੀ ਤੇ ਸਿੱਖ ਘਰਾਂ ਦੀ ਵੀ।
- ਇੰਟਰਵੀਊ ਲਈ ਬਾਹਰ ਭੀੜ ਖੜੀ ਹੈ। ਦੋ ਆਸਾਮੀਆਂ ਹਨ, ਪਰ ਸੈਂਕੜੇ ਉਮੀਦਵਾਰ ਹਨ। ਦੋਨੋਂ ਆਸਾਮੀਆਂ ਸਿਫ਼ਾਰਸ਼ੀਆਂ ਨੂੰ ਮਿਲਣੀਆਂ ਹਨ। ਮਾਯੂਸ ਹੋ ਕੇ ਜਿਹੜੇ ਘਰ ਮੁੜਨਗੇ, ਉਹਨਾਂ ਵਿਚ ਸਿੱਖ ਨੌਜਵਾਨ ਵੀ ਹੋਣਗੇ ਤੇ ਹਿੰਦੂ ਨੌਜਵਾਨ ਵੀ।
- ਕਹਿੰਦਾ ਕਹਿਲਾਂਦਾ ਪ੍ਰਬੰਧਕੀ ਢਾਂਚਾ ਸਾਰਾ ਅਮਨ ਅਤੇ ਕਾਨੂੰਨ ਦੀ ਰਖਵਾਲੀ ਵਿਚ ਬੈਠਾ ਹੈ। ਮੰਡੀਆਂ ਵਿਚ ਕਣਕ ਰੁਲ ਰਹੀ ਹੈ, ਡੀਜ਼ਲ ਲੈਣ ਲਈ ਕਿਸਾਨ ਧੁੱਪੇ ਪੰਪਾਂ ਦੇ ਬਾਹਰ ਸੜ ਰਹੇ ਹਨ, ਬਸਾਂ ਦਾ ਭੈੜਾ ਹਾਲ ਹੈ। ਸਫ਼ਰ ਦੇ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਿਤ ਕੀਤਾ।

ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

ਦਰਮਿਆਨ ਕਿਧਰੇ ਨਾ ਕਿਧਰੇ ਬਸ ਖ਼ਰਾਬ ਹੋ ਗਈ ਹੈ। ਮੁਸਾਫਰ ਹਿੰਦੂ ਵੀ ਤੇ ਸਿੱਖ ਵੀ ਧੁੱਪੇ ਖਲੋਤੇ ਮੂੰਹ ਚੁੱਕ ਕੇ ਹੋਰ ਬਸ ਦੀ ਉਡੀਕ ਕਰ ਰਹੇ ਹਨ। ਉਹਦੇ ਉਤੇ ਚੜ੍ਹਨਗੇ। ਕੁਝ ਦੂਰ ਜਾਕੇ ਉਹਦਾ ਵੀ ਪਟਾਕਾ ਪੈ ਜਾਏਗਾ ਜਾਂ ਗੇਅਰ ਫਸ ਜਾਏਗਾ।

ਅਸੀਂ ਤੁਸੀਂ ਜਿਹੜੇ ਸੋਚਣ ਵਾਲੇ ਬੰਦੇ ਹਾਂ, ਕੀ ਇਹੋ ਜਿਹੀ ਹਾਲਤ ਵਿਚ ਕੁਝ ਕਰ ਸਕਦੇ ਹਾਂ ? ਜਵਾਬ ਹੈ, ਬਹੁਤ ਕੁਝ ਨਹੀਂ ਕਰ ਸਕਦੇ। ਅਸੀਂ ਸ਼ੈਤਾਨਾਂ ਨੂੰ ਸ਼ੈਤਾਨੀ ਕਰਨ ਤੋਂ ਨਹੀਂ ਰੋਕ ਸਕਦੇ, ਪਰ ਇਕ ਗੱਲ ਕਰ ਸਕਦੇ ਹਾਂ, ਆਮ ਲੋਕਾਂ ਨੂੰ ਇਹਨਾਂ ਦੇ ਜ਼ਹਿਰ ਤੋਂ ਬਚਾ ਸਕਦੇ ਹਾਂ। ਇਹ ਅਸੀਂ ਤਾਂ ਹੀ ਕਰ ਸਕਦੇ ਹਾਂ ਕਿ ਅਸੀਂ ਅਪਣੇ ਆਪ ਨੂੰ ਕਾਇਮ ਰੱਖੀਏ। ਸਾਂਵੀਂ ਸੋਚ ਅਪਣਾਈਏ। ਜੁਰਅਤ ਨਾਲ ਗ਼ਲਤ ਨੂੰ ਗਲਤ ਆਖੀਏ। ਦਿੱਲੀ ਵਿਚ ਟਰਾਂ-ਜ਼ਿਸਟਰ ਬੰਬ ਫਟਣ ਤਾਂ ਇਹ ਆਖਕੇ ਨਾ ਟਾਲ ਦੇਈਏ ਕਿ ਇਹ ਨੰਵਬਰ ਦੇ ਘਲੂਘਾਰੇ ਦੇ ਮੁਕਾਬਲੇ ਵਿਚ ਕੁਝ ਵੀ ਨਹੀਂ, ਨਵੰਬਰ ਦੇ ਕਤਲੇਆਮ ਨੂੰ ਇਹ ਕਹਿਕੇ ਨਾ ਟਾਲ ਦਈਏ ਕਿ ਪੰਜਾਬ ਵਿਚ ਜੋ ਸਿੱਖ ਕਰ ਰਹੇ ਸਨ, ਉਹਦਾ ਨਤੀਜਾ ਤਾਂ ਨਿਕਲਣਾ ਹੀ ਸੀ। ਅਖੇ ਚੌਧਰੀ ਬਲਬੀਰ ਸਿੰਘ ਨੇ ਮਰਨਾ ਹੀ ਸੀ, ਉਹ ਪੰਜਾਬੀ ਹੋ ਕੇ ਕਦੀ ਪੰਜਾਬੀ ਨਹੀਂ ਸੀ ਬੋਲਦਾ। ਚੌਧਰੀ ਦੇ ਮਰਨ ਬਾਅਦ ਸਿੱਖਾਂ ਦੀਆਂ ਦੁਕਾਨਾਂ ਸੜਣੀਆਂ ਕੁਦਰਤੀ ਹੀ ਸਨ ਆਦਿਕ ਆਦਿਕ।

ਮਸਲੇ ਵੱਲ ਨਿਰਪੱਖ ਹੋਕੇ ਸੋਚਣਾ ਅਤੇ ਅਪਣੇ ਸਟੈਂਡ ਤੇ ਨਿਡੱਰ ਹੋਕੇ ਖਲੋਣਾ ਅੱਜ ਸਭ ਤੋਂ ਵੱਡੀ ਜ਼ਰੂਰਤ ਹੈ।

—ਗੁਰਸ਼ਰਨ ਸਿੰਘ

---

## ਸੁਨੇਹਾ

ਕਰਾਂਤੀਕਾਰੀ ਸਾਹਿਤ ਸਭਾ ਦੀ ਸਾਲਾਨਾ ਮੀਟਿੰਗ ਵਿਚ, ਜੋ 22 ਅਪ੍ਰੈਲ ਧੌਲਾ ਵਿਖੇ ਹੋਈ, ਇਹੋ ਫੈਸਲਾ ਲਿਆ ਗਿਆ ਹੈ ਕਿ ਕ੍ਰਾਂਤੀਕਾਰੀ ਸਾਹਿਤ ਸਭਾ ਆਲ ਇੰਡੀਆ ਲੀਗ ਫਾਰ ਰੈਵੂਲੂਸ਼ਨਰੀ ਕੱਲਚਰ ਦੀ ਇਕ ਇਕਾਈ ਬਣਕੇ ਕੰਮ ਕਰੇਗੀ। ਇਸ ਮੌਕੇ ਤੇ ਸਾਥੀ ਕੇ. ਵੀ. ਆਰ ਦਾ ਜੋ ਸੁਨੇਹਾ ਸਮਾਗਮ ਲਈ ਪੁਜਿਆ, ਉਹ ਇਥੇ ਦਿਤਾ ਜਾ ਰਿਹਾ ਹੈ।

**ਬਾਰੂ ਸਤਵਰਗ**, ਜ.ਸ. ਕ੍ਰਾਂਤੀਕਾਰੀ ਸਾਹਿਤ ਸਭਾ, ਪੰਜਾਬ

---

ਕ੍ਰਾਂਤੀਕਾਰੀ ਸਾਹਿਤ ਸਭਾ ਦੀ ਕਾਨਫਰੰਸ ਵਿਚ ਭਾਗ ਲੈ ਰਹੇ ਡੈਲੀਗੇਟ ਸਾਥੀਓ !

ਤੁਹਾਨੂੰ ਸਾਰਿਆਂ ਨੂੰ ਇਨਕਲਾਬੀ ਵਧਾਈਆਂ।

ਇਕ ਭਰਾਤਰੀ ਡੈਲੀਗੇਟ ਵਜੋਂ ਮੈਂ ਤੁਹਾਡੀ ਕਾਨਫਰੰਸ ਵਿਚ ਖੁਦ ਸ਼ਾਮਲ ਹੋਣ ਅਤੇ ਆਪਣੀ ਵੱਧ ਤੋਂ ਵੱਧ ਸਮਰਥਾ ਅਨੁਸਾਰ ਇਸ ਦੀ ਕਾਰਵਾਈ ਵਿਚ ਭਾਗ ਲੈਣ ਦੇ ਸੁਪਨੇ ਲੈਂਦਾ ਰਿਹਾ ਸਾਂ। ਪਰ ਮੇਰੇ ਵੱਸੋਂ ਬਾਹਰੇ ਨਾ ਟਾਲੇ ਜਾ ਸਕਣ ਵਾਲੇ ਕਾਰਣਾਂ ਕਰਕੇ ਇਹ ਕੁਝ ਸਾਕਾਰ ਨਾ ਹੋ ਸਕਿਆ ਪਰ ਮੇਰਾ ਮਨ ਤੁਹਾਡੀ ਕਾਨਫਰੰਸ ਉਪਰ ਮੰਡਰਾ ਰਿਹਾ ਹੈ ਅਤੇ ਮੈਂ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਇਸ ਸੁਨੇਹੇ ਰਾਹੀਂ ਤੁਹਾਡੇ ਤਕ ਪੁਚਾ ਰਿਹਾ ਹਾਂ।

ਦੋ ਸਾਲ ਪਿੱਛੇ ਦਿੱਲੀ ਵਿਖੇ ਆਪਣੇ ਜਨਮ ਤੋਂ ਲੈ ਕੇ ਇਨਕਲਾਬੀ ਸਭਿਆਚਾਰ ਦੀ ਸਰਵ ਭਾਰਤੀ ਲੀਗ (ਏ. ਆਈ. ਐਲ. ਆਰ. ਸੀ.) ਕਰਾਂਤੀਕਾਰੀ ਸਾਹਿਤ ਸਭਾ ਨਾਲ ਨੇੜੇ ਦਾ ਸੰਪਰਕ ਕਾਇਮ ਰੱਖ ਰਹੀ ਹੈ। ਅਸਲ ਵਿਚ ਏ. ਆਈ. ਐਲ. ਆਰ. ਸੀ. ਦੀ ਕਾਨਫਰੰਸ ਦਾ ਉਦਘਾਟਨ ਕਰਨ ਸਮੇਂ ਕਾਮਰੇਡ ਗੁਰਸ਼ਰਨ ਸਿੰਘ ਨੇ ਅਕਾਸ਼ ਗੁੰਜਾਊ ਅਵਾਜ਼ ਵਿਚ ਸਾਰੀਆਂ ਖਰੀਆਂ ਇਨਕਲਾਬੀ ਸਭਿਆਚਾਰਕ ਤਾਕਤਾਂ ਨੂੰ ਇਕ ਹੋਣ ਦਾ ਸੱਦਾ ਦਿੱਤਾ ਸੀ। ਪਿੰਡ ਮਹਿਰਾਜ ਵਿਖੇ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਸੈਮੀਨਾਰ ਵਿਚ ਭਾਗ ਲੈਣ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ। ਉਸ ਸਮੇਂ ਏ. ਆਈ. ਐਲ. ਆਰ. ਸੀ. ਦੇ ਨਿਸ਼ਾਨਿਆਂ ਅਤੇ ਉਦੇਸ਼ਾਂ ਬਾਰੇ ਸਭਾ ਦੇ ਸਕੱਤਰ ਕਾਮਰੇਡ ਬਾਰੂ ਸਤਵਰਗ ਨਾਲ ਲੰਮਾਂ ਸਮਾਂ ਗੱਲਬਾਤ ਕਰਨ ਦਾ ਮੈਨੂੰ ਮੌਕਾ ਮਿਲਿਆ।

ਡੈਲੀਗੇਟ ਸਾਥੀਓ ! ਇਨ੍ਹਾਂ ਵਿਚਾਰਾਂ ਨੂੰ ਸੰਖੇਪ ਵਿਚ ਮੁੜ ਪ੍ਰਗਟਾਉਣ ਦੀ ਮੈਨੂੰ ਆਗਿਆ ਦਿਓ।

ਏ. ਆਈ. ਐਲ. ਆਰ. ਸੀ. ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਕੰਮ ਕਰ ਰਹੀਆਂ ਕਈ ਇਨਕਲਾਬੀ ਸਭਿਆਚਾਰਕ ਜਥੇਬੰਦੀਆਂ ਦਾ ਸੰਘ ਹੈ, ਜਿਨ੍ਹਾਂ ਵਿਚ ਆਂਧਰਾ ਪ੍ਰਦੇਸ਼ ਦੀ ਇਨਕਲਾਬੀ ਲੇਖਕ ਸਭਾ ,ਅਤੇ ਜਨ-ਨਾਟ ਮੰਡਲੀ; ਪੱਛਮੀ ਬੰਗਾਲ ਦੀ ਲੇਖਕਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਦੀ ਸਭਾ ਅਤੇ ਤਾਮਲਨਾਡ ਦਾ ਲੋਕ ਕਲਾ ਮੰਚ ਅਤੇ ਇਨਕਲਾਬੀ ਕਲਾ ਲਹਿਰ, ਕਰਨਾਟਕ ਦੀ ਜਨ ਕਲਾ ਮੰਡਲੀ, ਗੋਆ ਦਾ ਸੰਘਰਸ਼ ਨਾਟ-ਮੰਚ ਅਤੇ ਮਹਾਂਰਾਸ਼ਟਰ ਦਾ ਆਵਾਹਨ ਨਾਟ ਮੰਚ ਅਤੇ ਬਿਹਾਰ ਦਾ ਜਨ-ਨਾਟ ਮੰਚ ਸ਼ਾਮਲ ਹਨ। ਇਹ ਸਾਰੀਆਂ ਸਭਾਵਾਂ ਦੇਸ਼ ਦੇ ਵੱਖ ਵੱਖ ਹਿਸਿਆਂ ਵਿਚ ਚੱਲ ਰਹੇ ਜ਼ਰੱਈ ਇਨ-ਕਲਾਬ ਦੇ ਠੀਕ ਅਨੁਕੂਲ ਇਨਕਲਾਬੀ ਸਭਿਆਚਾਰ ਦੇ ਇਕੋ ਇਕ ਉਦੇਸ਼ ਨੂੰ ਆਪਣੇ ਦੇਸ਼ ਵਿਚ ਨਵਜਮਹੂਰੀ ਸਮਾਜ ਦੀ ਉਤਪਤੀ ਲਈ ਇਨਕਲਾਬੀ ਜਨਤਾ ਦੀਆਂ

ਭਾਵਨਾਵਾਂ, ਸੋਚ ਅਤੇ ਸਰਗਰਮੀ ਨੂੰ ਬਦਲਣਾ ਹੈ। 1968 ਤੋਂ ਲੈ ਕੇ ਸਾਡੇ ਦੇਸ਼ਵਾਸੀਆਂ ਦੇ ਵਿਸ਼ਾਲ ਜਨ-ਸਮੂਹਾਂ ਦੀ ਰਾਜਨੀਤੀ ਵਿਚ ਸਪਸ਼ਟ ਤਬਦੀਲੀ ਆ ਚੁੱਕੀ ਹੈ ਅਤੇ ਸਾਡੇ ਲੋਕ-ਇਤਿਹਾਸ ਦੇ ਵਰਤਮਾਨ ਪੜਾਅ ਉਤੇ ਇਨਕਲਾਬ ਏਜੰਡੇ ਉਪਰ ਆ ਗਿਆ ਹੈ। ਬਿਹਾਰ ਵਿਚ ਤੇਲੰਗਾਨਾ ਪਿਛੋਂ ਧਰਮਪੁਰੀ ਤੇ ਧਰਮਪੁਰੀ ਪਿਛੋਂ ਸ੍ਰੀ ਕਾਕੂਲਮ ਅਤੇ ਫਿਰ ਨਕਸਲਬਾੜੀ, ਪੱਛਮੀ ਬੰਗਾਲ ਦੇ ਹਿੱਸਿਆਂ ਖਾਸ ਤੌਰ ਤੇ ਸੁੰਦਰਬਨ ਖੇਤਰ ਵਿਖੇ ਕਿਸਾਨੀ ਦੇ ਘੋਲ ਵਰਨਣਯੋਗ ਹਨ, ਜੋ ਕਿ ਜਗੀਰੂ ਰਹਿੰਦ ਖੂੰਹਦ ਜਿਹੜੀ ਕਿ ਬੁਰਜੂਆ ਜਮਹੂਰੀਅਤ ਨੂੰ ਪੂਰੀ ਤਰਾਂ ਮਾਨਣ ਲਈ ਸਾਡੇ ਰਾਹ ਵਿਚ ਰੋਕ ਹੈ, ਦੇ ਖਿਲਾਫ਼ ਲੜੇ ਗਏ। ਰਾਜਿਆਂ ਦੀ ਹਕੂਮਤ ਅਤੇ ਪ੍ਰੀਵੀ ਪਰਸਾਂ ਦੇ ਖਾਤਮੇ ਦੇ ਬਾਵਜੂਦ ਅਤੇ ਜ਼ਮੀਨੀ ਮਾਲਕੀ ਦੇ ਜ਼ਿਮੀਦਾਰੀ ਅਤੇ ਇਨਾਮਦਾਰੀ ਪ੍ਰਬੰਧ ਦੇ ਖਾਤਮੇ ਦੇ ਬਾਵਜੂਦ ਸਾਮੰਤਸ਼ਾਹੀ ਅਜੇ ਪੂਰੀ ਤਰ੍ਹਾਂ ਮਰੀ ਅਤੇ ਖਤਮ ਨਹੀਂ ਹੋਈ ਸਗੋਂ ਇਸਤੋਂ ਉਲਟ ਇਹ ਅਜਾਰਾਦਾਰ ਵੱਡੀ ਦਲਾਲ ਸਰਮਾਏਦਾਰੀ ਦੀ ਸਰਪ੍ਰਸਤੀ ਹੇਠ ਰਾਜਸੀ ਸੱਤਾ ਵਿਚ ਸਾਂਝੀਦਾਰ ਹੈ। ਇਹ ਦੋਵੇਂ ਕੇਵਲ ਇਕ ਦੂਜੀ ਤੇ ਨਿਰਭਰ ਹੀ ਨਹੀਂ ਸਗੋਂ ਦੋ ਅੱਤ ਮਹਾਂਸ਼ਕਤੀਆਂ ਭਾਵ ਅਮਰੀਕਨ ਸਾਮਰਾਜ ਅਤੇ ਰੂਸੀ ਸਮਾਜਕ ਸਾਮਰਾਜ ਉਪਰ ਵੀ ਨਿਰਭਰ ਹਨ।

ਸਾਡੇ ਦੇਸ਼ ਦੇ ਕਰੋੜਾਂ ਹੀ ਲੋਕਾਂ ਦੀ ਚੌਪਾਸੜ ਲੁੱਟ ਖਸੁੱਟ ਦੇ ਪ੍ਰਸੰਗ ਵਿਚ ਹੀ ਹੈ ਕਿ ਏ. ਆਈ. ਐਲ. ਆਰ. ਸੀ. ਇਸ ਸਿੱਟੇ ਤੇ ਪੁੱਜੀ ਹੈ ਕਿ ਜਦ ਤਕ ਹਾਕਮ ਜਮਾਤਾਂ ਦੀ ਵਿਚਾਰਧਾਰਾ ਅਤੇ ਉਹਨਾਂ ਦੇ ਬਦੇਸ਼ੀ ਰਖਿਅਕਾਂ ਅਤੇ ਸਰਪ੍ਰਸਤਾਂ ਵਿਰੁੱਧ ਦ੍ਰਿੜ ਅਤੇ ਬੱਝਵੀਂ ਲੜ੍ਹਾਈ ਨਹੀਂ ਦਿੱਤੀ ਜਾਂਦੀ, ਉਨਾਂ ਚਿਰ ਸਾਡੇ ਲੋਕ ਅਜ਼ਾਦੀ ਪ੍ਰਾਪਤ ਕਰਨ ਅਤੇ ਸੱਚੀ ਪ੍ਰਭੂਸੱਤਾ ਅਤੇ ਅਸਲੀ ਜਮਹੂਰੀਅਤ ਪ੍ਰਾਪਤ ਕਰਨ ਲਈ ਆਪਣੇ ਇਨਕਲਾਬੀ ਘੋਲ ਨੂੰ ਵਿਗਿਆਨਕ ਲੀਹਾਂ ਉਪਰ ਨਹੀਂ ਚਲਾ ਸਕਦੇ। ਉਹਨਾਂ ਦੇ ਦ੍ਰਿਸ਼ਟੀਕੋਣ ਅਤੇ ਇਤਿਹਾਸਕ ਸਰਗਰਮੀ ਵਿਚ ਤਿੱਖੀ ਅਤੇ ਪੂਰੀ ਸੂਰੀ ਤਬਦੀਲੀ ਲਿਆਉਣ ਲਈ ਸਹੀ ਤੇ ਸਪਸ਼ਟ ਪੈਂਤੜਾ ਅਖਤਿਆਰ ਕਰਨਾ ਇਕ ਜ਼ਰੂਰੀ ਸ਼ਰਤ ਬਣ ਗਈ। ਇਹੀ ਕਾਰਨ ਸੀ ਏ. ਆਈ. ਐਲ. ਆਰ. ਸੀ. ਨੇ ਮਾਰਕਸਵਾਦ-ਲੈਨਿਨਵਾਦ-ਮਾਓ-ਜ਼ੇ-ਤੁੰਗ ਵਿਚਾਰਧਾਰਾ ਨੂੰ ਆਪਣੇ ਦ੍ਰਿਸ਼ਟੀਕੋਣ ਵਜੋਂ ਅਪਣਾਇਆ।

ਇਸ ਸਦੀ ਦੇ ਪਿਛਲੇ ਤੀਹਵਿਆਂ ਤੇ ਚਾਲ੍ਹੀਵਿਆਂ ਵਿਚ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦਾ ਤਜਰਬਾ ਸਾਨੂੰ ਸਾਰਿਆਂ ਨੂੰ ਸਿਖਾਉਂਦਾ ਹੈ ਕਿ ਸਭਿਆਚਾਰਕ ਖੇਤਰ ਵਿਚਲਾ ਸਾਂਝਾ ਮੋਰਚਾ ਵੀ ਬੇਢੰਗਾ, ਘਚੋਲੇ ਭਰਿਆ ਆਪਸੀ ਵਿਵਾਦ ਵਾਲਾ ਬਣ ਜਾਵੇਗਾ, ਜੇਕਰ ਇਸ ਨੇ ਮੰਤਵ ਤੇ ਉਦੇਸ਼ਪੂਰਨ ਏਕਤਾ ਦੇ ਅਨੁਸਾਰ ਅਤੇ ਇਸ ਤੇ ਅਧਾਰਤ ਹੋ ਕੇ ਕੰਮ ਨਾ ਕੀਤਾ। ਸੋਧਵਾਦ ਨੇ ਉਨ੍ਹਾਂ ਦਿਨਾਂ ਦੌਰਾਨ ਉੱਠੀ ਅਗਾਂਹਵਧੂ ਲੇਖਕਾਂ ਦੀ ਲਹਿਰ ਅਤੇ ਭਾਰਤੀ ਲੋਕ ਥੀਏਟਰ ਕਲਾ ਲਹਿਰ ਦੀ ਸ਼ਕਤੀ ਨੂੰ ਘੁਣ ਵਾਂਗ ਖਾ ਲਿਆ ਸੀ। ਇਹ ਨਾਂਹ-ਪੱਖੀ ਸਬਕ ਸਾਡੇ ਲਈ ਹਾਂ-ਪੱਖੀ ਲਾਭ ਵਾਲਾ ਸੀ ਕਿਉਂਕਿ ਇਸ ਨੇ ਏ. ਆਈ. ਐਲ. ਆਰ. ਸੀ. ਨੂੰ ਕਈ ਗ਼ਲਤੀਆਂ ਤੇ ਘਾਟਾਂ ਤੋਂ ਜਾਣੂ ਕਰਵਾਇਆ। ਦੂਸਰੇ ਬੀਤੇ ਦਹਾਕਿਆਂ ਦੀਆਂ ਉਹਨਾਂ ਲਹਿਰਾਂ ਨੇ 1947 ਦੀ ਅਜ਼ਾਦੀ ਦੀ ਝੂਠੀ ਸਵੇਰ ਜਾਂ ਕਹਿ ਲੋ ਦੇਸ਼ ਦੀ ਅਜ਼ਾਰਾਦਾਰ ਬੁਰਜੂਆਜ਼ੀ ਜਿਸਨੇ ਕਿ ਬਰਤਾਨਵੀ ਸਾਮਰਾਜ ਨਾਲ ਇਕ ਸ਼ਰਮਨਾਕ ਵਪਾਰ ਰਾਹੀਂ ਆਪਣੀ ਅਜ਼ਾਦੀ ਦਾ ਸੌਦਾ ਕਰ ਲਿਆ ਸੀ ਅਤੇ ਜਿਹੜੀ ਕਿ ਸਾਮੰਤਸ਼ਾਹੀ ਦੀ ਰਹਿੰਦ ਖੂੰਹਦ ਨੂੰ ਹੂੰਝ ਕੇ ਖਰਾ ਇਨਕਲਾਬ ਲਿਆਉਣ ਵਿਚ ਅਸਫਲ ਹੋ ਗਈ, ਨਾਲੋਂ ਆਪਣੇ ਆਪ ਨੂੰ ਪਰ੍ਹੇ ਰੱਖਿਆ। ਅਖੌਤੀ 'ਯੋਜਨਾ ਬੱਧ' ਆਰਥਿਕਤਾ ਨੇ ਕੇਵਲ ਨਿੱਜੀ ਖੇਤਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਹੀ ਸਰਵਜਨਕ ਖੇਤਰ ਨੂੰ ਪੈਦਾ ਕੀਤਾ ਅਤੇ ਸਿੱਟੇ ਵਜੋਂ ਰਾਜਕੀ ਨੌਕਰਸ਼ਾਹ ਸਰਮਾਏਦਾਰੀ ਹੋਂਦ ਵਿਚ ਆਈ।

ਸੱਚ ਮੁੱਚ ਹੀ ਇੰਨ੍ਹਾਂ ਸਾਰੀਆਂ ਪਦਾਰਥਕ ਤਬਦੀਲੀਆਂ ਨੇ ਸਾਡੇ ਲੋਕਾਂ ਦੇ ਸੱਭਿਆਚਾਰ ਜੀਵਨ ਵਿਚ ਆਪਣਾ ਪ੍ਰਭਾਵ ਪਾਇਆ ਹੈ। ਵੇਲਾ ਵਿਹਾ ਚੁੱਕੀ ਵਿਚਾਰਧਾਰਾ ਅਜੇ ਤੱਕ ਵੀ ਸਾਡੇ ਲੋਕਾਂ ਦੀ ਚੇਤੰਨਤਾ ਦਾ ਹਿੱਸਾ ਬਣੀ ਹੋਈ ਹੈ ਅਤੇ ਵੱਡੀ ਸਰਮਾਏਦਾਰੀ ਦੁਆਰਾ ਆਪਣੇ ਹਿਤਾਂ ਲਈ ਇਸ ਦਾ ਪਾਲਣ ਪੋਸਣ, ਇਸਦੀ ਰੱਖਿਆ ਅਤੇ ਵਿਕਾਸ ਕੀਤਾ ਜਾ ਰਿਹਾ ਹੈ। ਕਿਉਂਕਿ ਵਸ਼ਾਲ ਤੌਰ ਤੇ ਚੇਤੰਨ ਲੋਕ ਇਸਦੀ ਆਰਥਕ ਤੇ ਰਾਜਨੀਤਕ ਚੌਧਰ ਲਈ ਗੰਭੀਰ ਖਤਰਾ ਬਣ ਸਕਦੇ ਹਨ ਇਸ ਲਈ ਇੰਨ੍ਹਾਂ ਨੂੰ ਧਰਮ, ਜ਼ਾਤੀ ਮਜ਼੍ਹਬ ਅਤੇ ਇਸ ਤਰ੍ਹਾਂ ਦੀਆਂ ਹੋਰ ਗੱਲਾਂ ਰਾਹੀਂ ਥਾਪੜ ਕੇ ਸੁਆਉਣਾ ਇੰਨ੍ਹਾਂ ਦੀ ਲੋੜ ਹੈ। ਸੋਚੀ ਸਮਝੀ ਸ਼ਰਾਰਤ ਰਾਹੀਂ ਲੋਕਾਂ ਨੂੰ ਪਦਾਰਥਵਾਦ ਅਤੇ ਤਰਕਸ਼ੀਲਤਾ ਉਪਰ ਅਧਾਰਤ ਵਿਗਿਆਨਕ ਵਿਕਾਸ ਤੋਂ ਵਾਂਝੇ ਰੱਖਿਆ ਹੋਇਆ ਹੈ। ਪੁਤਰਹੀਣ-ਪਤਨੀਆਂ ਵੱਲੋਂ ਦਾਜ ਨਾ ਲਿਆਉਣ ਕਾਰਨ ਅਤੇ ਜਲ ਕੇ ਮਰ ਜਾਣ ਕਾਰਨ ਮੌਤਾਂ ਦੇ ਰੂਪ ਵਿਚ ਪੁਰਸ਼ ਦਾ ਦਾਬਾ ਇਕ ਭੱਦੀ ਸ਼ਕਲ ਅਖਤਿਆਰ ਕਰ ਰਿਹਾ ਹੈ। ਫਿਰਕਾਪ੍ਰਸਤ ਪ੍ਰਭਾਵਾਂ ਦਾ ਪਾਲਣ ਪੋਸਣ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਪਾੜਨ ਲਈ ਫਿਰਕਾਪ੍ਰਸਤ ਭਾਵਨਾਵਾਂ ਨੂੰ ਹਵਾ ਦਿੱਤੀ ਜਾ ਰਹੀ ਹੈ। ਫਿਰਕਾਪ੍ਰਸਤ ਰਾਜਨੀਤੀ ਸਮੇਂ ਦਾ ਕਾਇਦਾ ਕਾਨੂੰਨ

ਬਣ ਗਈ ਹੈ। ਸਾਮਰਾਜੀ ਸੱਭਿਆਚਾਰ ਦੀਆਂ ਰੁਚੀਆਂ ਨੂੰ ਲਿਸ਼ਕਾ ਕੇ ਪੇਸ਼ ਕੀਤਾ ਜਾਂਦਾ ਹੈ ਜਿਸਦੇ ਸਿੱਟੇ ਵਜੋਂ ਨੌਜੁਆਨਾਂ ਦੀ ਨਵੀਂ ਪੀੜ੍ਹੀ ਦੀ 'ਨੈਤਿਕ ਸ਼ਕਤੀ' ਦਿਨ ਪ੍ਰਤੀ ਦਿਨ ਗਲ ਸੜ ਰਹੀ ਹੈ ਰਵਾਇਤ ਅਤੇ ਸੱਭਿਆ-ਚਾਰਕ ਵਿਰਸੇ ਦੇ ਨਾਂ ਹੇਠ ਰਾਜ ਹਰ ਪ੍ਰਕਾਰ ਦੇ ਕਾਮੁਕ ਜਜ਼ਬਿਆਂ, ਸ਼ਰਧਾਪੂਰਣ ਅਤੇ ਦੂਸਰੀ ਦੁਨੀਆਂ ਵਾਲੇ ਰਵੱਈਆਂ ਨੂੰ ਸਰਪ੍ਰਸਤੀ ਅਤੇ ਮੁੜ ਜੀਵਨ ਦੇ ਰਿਹਾ ਹੈ। ਇਸਤਰ੍ਹਾਂ ਇਹ ਲੋਕਾਂ ਦੇ ਵਿਚਾਰਾਂ ਨੂੰ ਮੁਕਤੀ ਦੇ ਰਾਹ ਤੋਂ ਇਸ ਸਾਰੇ ਰਵਾਇਤੀ,ਪਿਛਾਖੜੀ ਤੇ ਮੁੜ-ਜਨਮੇ ਗੰਦ ਮੰਦ ਤੋਂ, ਜਿਹੜਾ ਕਿ ਵਰਤਮਾਨ ਸ਼ਰਮਨਾਕ ਘੜੀ ਸਾਡੇ ਦੇਸ਼ ਦੇ ਜੀਵਨ ਵਿਚ ਧੌਖੇ ਨਾਲ ਸਭਿਆਚਾਰ ਬਣਿਆ ਹੋਇਆ ਹੈ, ਤੋਂ ਮੋੜ ਰਿਹਾ ਹੈ। ਜੇਕਰ ਇਸ ਸਭ ਕੁਝ ਦਾ ਟਾਕਰਾ ਕਰਨਾ ਹੈ ਤੇ ਇਸ ਨੂੰ ਹਰਾਉਣਾ ਹੈ ਅਤੇ ਜੇਕਰ ਖਰੇ ਲੋਕ ਸੱਭਿਆਚਾਰ ਦੀ ਸ਼ੁਰੂਆਤ ਕਰਨੀ ਹੈ, ਜੋ ਕਿ ਲੋਕਾਂ ਦੀ ਸਮਾਜਕ-ਆਰਥਕ ਮੁਕਤੀ ਦੇ ਕਾਜ ਦੀ ਜਿੱਤ ਦੇ ਅਨੁਕੂਲ ਹੋਵੇ ਤਾਂ ਇਸ ਲਈ ਇਕ ਬੱਝਵੀਂ ਸੱਭਿਆਚਾਰਕ ਲਹਿਰ, ਸਪੱਸ਼ਟ ਸੂਝ, ਸ਼ੇਰ ਵਰਗੇ ਦਿਲ, ਦ੍ਰਿੜ ਅਤੇ ਭਵਿੱਖ ਵਿਚ ਵਿਸ਼ਾਲ ਸੰਭਾਵਨਾਵਾਂ ਦੀ ਦ੍ਰਿਸ਼ਟੀ ਰੱਖਣ ਵਾਲੀ ਇਕ ਆਗੂ ਸੱਭਿਆਚਾਰਕ ਸ਼ਕਤੀ ਦੀ ਬਹੁਤ ਹੀ ਲੋੜ ਹੈ। ਇਸ ਦਾ ਕੰਮ ਸਾਡੇ ਲੋਕਾਂ ਦੀ ਸ਼ਕਤੀ ਨੂੰ ਸਹੀ ਸੇਧ ਦੇਣਾ ਹੋਵੇਗਾ। ਇਸ ਦਾ ਕੰਮ ਲੋਕਾਂ ਨੂੰ 'ਰੂਹਾਨੀ ਸ਼ਕਤੀ' ਦੇਣਾ ਹੋਵੇਗਾ ਤਾਂ ਕਿ ਸਾਡੇ ਲੋਕਾਂ ਦੇ ਘਰੇਲੂ ਅਤੇ ਬਦੇਸ਼ੀ ਦੁਸ਼ਮਣਾਂ ਦੀਆਂ ਸ਼ਕਤੀਆਂ ਨੂੰ ਅਸਫਲ ਬਣਾਇਆ ਜਾ ਸਕੇ; ਵਰਤਮਾਨ ਤੇ ਭਵਿੱਖ ਨੂੰ ਬੀਤੇ ਗਲਬੇ ਤੋਂ ਛੁਟਕਾਰਾ ਦਿਵਾਇਆ ਜਾ ਸਕੇ। ਇਹ ਸਭ ਕੁਝ ਤਦ ਹੀ ਪੂਰਾ ਕੀਤਾ ਜਾ ਸਕਦਾ ਹੈ ਜੇਕਰ ਕਾਲੇ ਪਿਛਾਖੜ,ਅਤੇ ਸ਼ਰਾਰਤਪੂਰਣ ਸ਼ਰਾਰਤੀ ਆਧੁਨਿਕਵਾਦ ਦੀਆਂ ਸ਼ਕਤੀਆਂ ਵਿਰੁੱਧ ਇਕ ਮਜ਼ਬੂਤ ਸਾਂਝੇ ਮੋਰਚੇ ਨੂੰ ਪੇਸ਼ ਕਰਨ ਵਾਲੀ ਬੁਨਿਆਦੀ ਅਸੂਲਾਂ ਉਪਰ ਆਧਾਰਤ ਸੱਭਿਆਚਾਰਕ ਸ਼ਕਤੀ ਜਥੇਬੰਦ ਕੀਤੀ ਜਾਵੇ। ਸਾਡਾ ਕਾਰਜ ਖੇਤਰ ਸਾਡੇ ਦੇਸ਼ਵਾਸੀਆਂ ਦੀ ਵਿਸ਼ਾਲ ਜਨਤਾ ਦਾ ਸੱਭਿਆਚਾਰਕ ਖੇਤਰ ਹੈ ਜਿਹੜਾ ਕਿ ਰਾਜਨੀਤਕ ਖੇਤਰ ਜਿੰਨਾ ਹੀ ਮਹੱਤਵਪੂਰਨ ਹੈ। ਇਸ ਲਈ ਇਹ ਦੋਵੇਂ ਖੇਤਰ ਆਪਸ ਵਿਚ ਅਨੁਪੂਰਵਕ ਅਤੇ ਅੰਤਰ ਸੰਬੰਧਤ ਹਨ।

ਡੈਲੀਗੇਟ ਸਾਥੀਓ! ਤੁਹਾਡੀ ਜਥੇਬੰਦੀ ਦੇ ਨਾਂ ਦੇ ਪਹਿਲੇ ਸ਼ਬਦ 'ਕਰਾਂਤੀਕਾਰ' ਵਿਚ ਇੰਨੀ ਮਹੱਤਤਾ ਸਮੋਈ ਹੋਈ ਹੈ ਕਿ ਜੇਕਰ ਤੁਸੀਂ ਉਪਰੋਕਤ ਜ਼ਿਕਰ ਕੀਤੀਆਂ ਮਿਲਦੇ ਜੁਲਦੇ ਵਿਚਾਰਾਂ ਵਾਲੀਆਂ ਇਨਕਲਾਬੀ ਸੱਭਿਆਚਾਰਕ ਜਥੇਬੰਦੀਆਂ, ਜਿੰਨ੍ਹਾਂ ਨੇ ਰਲ ਕੇ ਏ.ਆਈ. ਐਲ.ਆਰ.ਸੀ. ਬਣਾਈ ਹੈ,ਨਾਲ ਜੋੜ ਲੈਂਦੇ ਹੋ ਤਾਂ ਤੁਸੀਂ ਸਾਰੇ ਇਸ ਗੱਲੋਂ ਭਲੀ ਭਾਂਤ ਜਾਣੂ ਹੋ ਪਿਛਲੇ ਦੇ ਸਾਲਾਂ

### ਪਾਠਕ ਲੇਖਕ ਫੋਰਮ

ਭਮੱਕੜ ਇਕ ਬੁੱਧੀਹੀਣ ਕੀੜਾ ਹੈ, ਜੋ ਰੌਸ਼ਨੀ ਦੇ ਦੁਆਲੇ ਚੱਕਰ ਲਗਾਉਂਦਾ, ਉਹਦੇ ਨਾਲ ਟਕਰਾਉਂਦਾ, ਅੰਤ ਵਿਚ ਭੁੰਜੇ ਡਿਗ ਪੈਂਦਾ ਹੈ। ਉਹ ਨਾ ਕੁਝ ਆਪਣਾ ਸਵਾਰਦਾ ਹੈ ਅਤੇ ਨਾ ਕਿਸੇ ਦਾ ਕੁਝ ਸਵਾਰਦਾ ਹੈ। ਇਕ ਬੇਫਾਇਦਾ ਜਿਹੀ ਮੌਤ ਉਹ ਮਰ ਜਾਂਦਾ ਹੈ। ਪੰਜਾਬ ਦੇ ਸੂਰਬੀਰ, ਜੋ ਆਪਣੇ ਆਪ ਨੂੰ ਭਮੱਕੜ ਦੀ ਤਸ਼ਬੀਹ ਦੇਂਦੇ ਹਨ, ਉਹਨਾਂ ਨੇ ਬਿਲਕੁਲ ਭਮੱਕੜ ਦੀ ਭੂਮਿਕਾ ਨਿਭਾਈ ਹੈ ਤੇ ਇਹ ਕੋਈ ਬਹੁਤੀ ਮਾਣ ਵਾਲੀ ਗੱਲ ਨਹੀਂ। ਵੀਹਵੀਂ ਸਦੀ ਵਿਚ ਬੰਦੇ ਨੂੰ ਬੁੱਧੀ ਵਾਲਾ ਮਨੁੱਖ ਬਣਨਾ ਚਾਹੀਦਾ ਹੈ ਨਾ ਕਿ ਕੀੜੇ ਮਕੌੜੇ। ਆਸ ਹੈ ਕਿ ਗਿੱਲ ਭਰਾ ਇਸ ਵੱਲ ਧਿਆਨ ਦੇਣਗੇ।

—ਸੁਰਿੰਦਰ ਸਿੰਘ (ਲੰਡਨ)

ਦੀਆਂ ਸਰਗਰਮੀਆਂ ਵਿਚ ਏ.ਆਈ.ਐਲ.ਆਰ.ਸੀ. ਨੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਲੋਕਾਂ ਦੇ ਅਸਲੀ ਖਰੇ ਕਾਰਜਾਂ, ਜਿਹਾ ਕਿ ਘੋਲ ਕਰ ਰਹੇ ਲੋਕਾਂ ਉਪਰ ਰਾਜ ਦੀਆਂ ਏਜੰਸੀਆਂ ਵੱਲੋਂ ਬੇਲਗਾਮ ਤਸ਼ੱਦਦ; ਸਰਕਾਰ ਵੱਲੋਂ ਭਾਸ਼ਾਈ, ਧਾਰਮਿਕ ਤੇ ਘੱਟ ਗਿਣਤੀ ਕਬੀਲਿਆਂ ਦੀਆਂ ਇਛਾਵਾਂ ਦਾ ਦਮਨ; ਦਿੱਲੀ ਤੇ ਹੋਰ ਥਾਵਾਂ ਤੇ ਭਿਆਨਕ ਡਰ ਅਤੇ ਜਾਂਗਲੀਪੁਣੇ ਦਾ ਮਾਹੌਲ, ਜੋ ਕਿ ਸਿੱਖ ਭਾਈਚਾਰੇ ਦੇ ਮੈਂਬਰਾਂ ਦੀ ਛੋਟੇ ਪੱਧਰ ਤੇ ਨਸਲਘਾਤ ਤੱਕ ਵਿਕਸਤ ਹੋ ਗਿਆ, ਨੂੰ ਪੈਦਾ ਕਰਨ ਲਈ ਬਹੁ-ਗਿਣਤੀ ਭਾਈਚਾਰੇ ਦੀਆ ਜਾਂਗਲੀ ਭਾਵਨਾਵਾਂ ਦੀ ਅੰਨੇਵਾਹ ਵਰਤੋਂ ਵਿਰੁੱਧ ਅਤੇ ਇਸ ਤਰ੍ਹਾਂ ਦੇ ਹੋਰ ਮਸਲਿਆਂ ਨੂੰ ਆਪਣੇ ਹੱਥ ਲੈਣ ਅਤੇ ਇੰਨ੍ਹਾਂ ਦੇ ਖਿਲਾਫ ਲੜਾਈ ਸ਼ੁਰੂ ਕਰਨ ਦੇ ਕਾਰਜ ਨੂੰ ਆਪਣੇ ਹੱਥ ਲੈ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਆਪਣੇ ਬਦੇਸ਼ੀ ਮਾਲਕਾਂ ਨਾਲ ਮਿਲ ਕੇ ਹਾਕਮ ਜਮਾਤਾਂ ਵੱਲੋਂ ਬਣਾਈਆਂ ਸੱਭਿ-ਆਚਾਰਕ ਸਕੀਮਾਂ ਨੂੰ ਵੰਗਾਰਨ ਅਤੇ ਉਹਨਾਂ ਨੂੰ ਮੋੜਵਾਂ ਜਵਾਬ ਦੇਣ ਲਈ ,ਇਹ ਇਨਕਲਾਬੀ ਸੱਭਿਆਚਾਰਕ ਸ਼ਕਤੀ ਵਜੋਂ ਮੂਹਰਲੀਆਂ ਸਫਾਂ ਵਿਚ ਰਹੀ ਹੈ।

ਸਾਡਾ ਉਦੇਸ਼ ਲਮਕਵੇਂ ਲੋਕ ਘੋਲ ਰਾਹੀਂ ਇਕ ਅਜਿਹਾ ਸਮਾਜਕ ਨਿਜ਼ਾਮ ਹੋਂਦ ਵਿਚ ਲਿਆਉਣਾ ਹੈ ਜਿਸ ਵਿਚ ਕਿ ਸਾਡੇ ਲੋਕਾਂ ਦੇ ਸਾਰੇ ਹਿੱਸਿਆਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੀ ਜ਼ਾਮਨੀ ਹੋਵੇਗੀ ਅਤੇ ਜਿੰਨ੍ਹਾਂ ਦੀ ਸਦੀਆਂ ਪੁਰਾਣੀ ਲੁੱਟ-ਖਸੁੱਟ ਅਤੇ ਦਾਬੇ ਦਾ ਖਾਤਮਾ ਹੋ ਜਾਵੇਗਾ। ਇਨਕਲਾਬੀ ਸੱਭਿਆਚਾਰ ਨੂੰ ਇਸ ਦਿਸ਼ਾ ਵਿਚ ਵਿਕਸਤ ਕਰਨਾ ਪੈਣਾ ਹੈ ਅਤੇ ਇਹ ਤਦ ਹੀ ਹੋ ਸਕਦਾ ਹੈ ਜਦ ਕਿ ਅਸੀਂ ਆਪਣੀਆਂ ਸਫ਼ਾਂ ਨੂੰ ਨੇੜੇ ਲਿਆਵਾਂਗੇ ਅਤੇ ਇਕੱਠੇ ਹੋ ਕੇ ਪਹਿਲਾਂ ਨਾਲੋ ਵਧੇਰੇ ਏਕਤਾ ਅਤੇ ਮਜ਼ਬੂਤੀ ਹਾਸਲ ਕਰ ਲਵਾਂਗੇ।

ਡੈਲੀਗੇਟ ਸਾਥੀਓ ! ਮੈਨੂੰ ਤੁਹਾਨੂੰ ਸਭ ਨੂੰ ਅਪੀਲ ਕਰਨ ਦੀ ਆਗਿਆ ਦਿਉ ਕਿ ਤੁਸੀਂ ਆਪਣਾ ਵਿਅਕਤੀਤਵ ਅਤੇ ਪਹਿਲ ਕਦਮੀ ਬਰਕਰਾਰ ਰੱਖਦੇ ਹੋਏ ਏ.ਆਈ. ਆਰ.ਐਲ.ਸੀ. ਦੀਆਂ ਅੰਗ ਇਕਾਈਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲੋ ।

ਕਵਾਲੀ

16.4.85

ਕੇ. ਵੀ. ਆਰ.

ਜਨਰਲ ਸਕੱਤਰ ਏ.ਆਈ.ਐਲ.ਆਰ.ਸੀ

## ਇਕ ਰਿਪੋਰਟ : ਪੰਜਾਬ ਲੋਕ ਸਭਿਆਚਾਰ ਮੰਚ ਦਾ ਰਾਮਪੁਰਾ ਫੂਲ ਸਮਾਗਮ

ਲੋਕ ਏਕਤਾ ਯੂਥ ਫਰੰਟ ਰਾਮਪੁਰਾਫੂਲ ਦੀ ਸੁਚੱਜੀ ਪ੍ਰਬੰਧਕੀ ਹੇਠ 19 ਮਈ ਨੂੰ ਪਲਸ ਮੰਚ ਦਾ ਸਭਿਆਚਾਰਕ ਸਮਾਗਮ ਇਕ ਇਤਹਾਸਕ ਸਮਾਗਮ ਸੀ । ਫਿਰਕੂ ਨਫਰਤ ਦੀ ਹਨੇਰੀ, ਜੋ ਇਹਨਾਂ ਦਿਨਾਂ ਵਿਚ ਪੰਜਾਬ ਵਿਚ ਚਲ ਰਹੀ ਹੈ, ਇਸਦੇ ਮਾਰੂ ਅਸਰ ਨੂੰ ਰੋਕਣ ਲਈ ਇਹ ਸਮਾਗਮ ਇਕ ਨਵੀਂ ਲੀਹ ਪਾਉਂਦਾ ਸੀ। ਰਾਮਪੁਰਾ ਫੂਲ ਦੇ ਸ਼ਹਿਰ ਥਾਂ ਥਾਂ ਲੋਕ ਏਕਤਾ ਦੀ ਗੱਲ ਤੁਰ ਰਹੀ ਸੀ, ਜਿਸਦਾ ਵੱਡਾ ਕਾਰਨ ਲੋਕ ਏਕਤਾ ਯੂਥ ਫਰੰਟ ਵਲੋਂ ਇਸ ਸਮਾਗਮ ਬਾਰੇ ਵਿਸ਼ਾਲ ਪ੍ਰਚਾਰ ਮੁਹਿੰਮ ਸੀ । ਰਿਕਸ਼ਾ ਯੂਨੀਅਨ ਤੋਂ ਲੈ ਕੇ ਬਿਜਲੀ ਬੋਰਡ ਦੇ ਕਾਮਿਆਂ ਦੀ ਯੂਨੀਅਨ ਤੇ ਹੋਰ ਲੋਕ ਜਥੇਬੰਦੀਆਂ ਪੂਰੀ ਸ਼ਕਤੀ ਨਾਲ ਇਸ ਸਮਾਗਮ ਨੂੰ ਸਫਲ ਬਨਾਉਣ ਵਿਚ ਜੁੱਟੀਆਂ ਹੋਈਆਂ ਸਨ । ਵਿਸ਼ਾਲ ਪੰਡਾਲ ਵਿਚ ਠੀਕ ਦੋ ਵਜੇ ਦੁਪਹਿਰ ਇਕ ਵਿਚਾਰ ਗੋਸ਼ਟੀ ਸ਼ੁਰੂ ਹੋਈ, ਜਿਸਦਾ ਵਿਸ਼ਾ ਸੀ— ਅੱਜ ਦੀ ਸਥਿਤੀ (ਸਮਾਜੀ ਟਕਰਾਅ ਤੇ ਸਿਆਸੀ ਜਬਰ) ਵਿਚ ਲੇਖਕ ਦਾ ਕਰਤੱਵ । ਭਰਵੀਂ ਬਹਿਸ ਵਿਚ ਜੋ ਨੁੱਕਤੇ ਬਾਹਰ ਆਏ ਉਹ ਸਨ : ਲੇਖਕ ਦੀ ਆਪਣੀ ਦ੍ਰਿਸ਼ਟੀ ਇਸ ਬਾਰੇ ਸਪਸ਼ੱਟ ਹੋਣੀ ਚਾਹੀਦੀ ਹੈ ਕਿ ਸਮਾਜ ਦੇ ਬਹੁਤ ਸਾਰੇ ਰੋਗ, ਜਿਸ ਵਿਚ ਔਰਤਾਂ ਉਤੇ ਦਮਨ, ਫਿਰਕਾਪ੍ਰਸਤੀ, ਵਿਰਸੇ ਵਲ ਸ਼ਾਵਨਵਾਦੀ ਸੋਚ ਆਦਿਕ ਆਂਦੇ ਹਨ, ਸਾਡੇ ਸਿਸਟਮ ਦੀ ਦੇਣ ਹਨ, ਪਰ ਲੋਕਾਂ ਨੂੰ ਨਵੇਂ ਸਮਾਜ ਲਈ ਜਾਗਰੂਪ ਕਰਨ ਲਈ ਉਸ ਸਮਾਜ ਦੀ ਰੂਪ ਰੇਖਾ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਲੋਕਾਂ ਅਗੇ ਲਿਆਉਣੀਆਂ ਜ਼ਰੂਰੀ ਹਨ ਤਾਂ ਜੋ ਉਹ ਨਵਾਂ ਸਮਾਜ ਬਨਾਉਣ ਲਈ ਪ੍ਰੇਰਨਾ ਲੈ ਸਕਣ । ਇਸ ਸਮਾਗਮ ਵਿਚ ਲੋਕ ਏਕਤਾ ਯੂਥ ਫਰੰਟ ਨੇ ਲੋਕ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਸਨਮਾਨਤ ਕੀਤਾ । ਸਨਮਾਨ ਪੱਤ੍ਰ ਵਿਚ ਉਹਨਾਂ ਦੀ ਲੋਕ ਪੱਖੀ ਸਭਿਆਚਾਰ ਵਾਸਤੇ ਕੀਤੀ ਸੇਵਾ ਨੂੰ ਇਕ ਇਤਿਹਾਸਕ ਦੇਣ ਦਸਿਆ । ਹਾਜ਼ਰ ਕਵੀਆਂ ਵਲੋਂ ਇਕ ਸੰਖੇਪ,ਪਰ ਸ਼ਾਨਦਾਰ ਕਵੀ ਦਰਬਾਰ ਹੋਇਆ । ਮੁਖ ਤੌਰ ਤੇ ਇਸ ਕਵੀ ਦਰਬਾਰ ਵਿਚ ਵਿਸ਼ਾ ਫਿਰਕੂ ਜਨੂੰਨ ਵਿਰੁਧ ਲੋਕਾਂ ਨੂੰ ਖ਼ਬਰਦਾਰ ਕਰਨਾ ਅਤੇ ਜਮਹੂਰੀ ਅਤੇ ਇਨਕਲਾਬੀ ਸ਼ਕਤੀਆਂ ਨੂੰ ਲਾਮਬੰਦ ਕਰਨਾ ਸੀ । ਸ਼ਾਮ ਨੂੰ ਸਮਾਗਮ ਤੋਂ ਬਾਅਦ ਦਰਸ਼ਕ ਇਕ ਜਲੂਸ ਦੀ ਸ਼ਕਲ ਵਿਚ ਗੁਰੂ ਨਾਨਕ ਮੁਹੱਲੇ ਵਲ ਗਏ । ਲੋਕ ਏਕਤਾ ਦੇ ਨਾਅਰੇ ਸਾਰੀ ਮੰਡੀ ਵਿਚ ਗੂੰਜੇ । ਇਸੇ ਮੁਹੱਲੇ ਵਿਚ ਫੇਰ 'ਤਮਾਸ਼ਾ ਹਿੰਦੋਸਤਾਨ' ਨੁੱਕਰ ਨਾਟਕ ਕੀਤਾ ਗਿਆ । ਸਮਾਗਮ ਵਾਲੇ ਸ਼ਹਿਰ ਵਿਚ ਨੁੱਕਰ ਨਾਟਕ ਕਰਨ ਦਾ ਇਹ ਤਜਰਬਾ ਬੜਾ ਸਫਲ ਸੀ । ਵਡੀ ਭੀੜ ਨੇ ਇਹ ਨਾਟਕ ਵੇਖਿਆ । ਰਾਤ ਦੇ ਸਮਾਗਮ ਲਈ ਇਹ ਨੁੱਕਰ ਨਾਟਕ ਇਕ ਪ੍ਰਚਾਰ ਸਾਧਨ ਵੀ ਬਣਿਆ । ਰਾਤ 8 ਵਜੇ ਤੋਂ ਸਵੇਰ 3 ਵਜੇ ਤਕ ਬਹੁਤ ਹੀ ਸ਼ਾਨਦਾਰ ਗੀਤਾਂ ਅਤੇ ਨਾਟਕਾਂ ਦਾ ਸਮਾਗਮ ਹੋਇਆ । ਨਾਟਕਾਂ ਵਿਚ ਮਾਨਸਾ, ਖੰਨਾ, ਮਛੀਵਾੜਾ, ਅਮ੍ਰਿਤਸਰ, ਗਿਦੜਬਾਹਾ, ਬਠਿੰਡਾ ਅਤੇ ਬੁਘੀਪੁਰਾ ਦੀਆਂ ਟੀਮਾਂ ਨੇ ਹਿੱਸਾ ਲਿਆ ਅਤੇ ਗੀਤਾਂ ਵਿਚ ਭਦੌੜ, ਲੁਧਿਆਣਾ, ਬਠਿੰਡਾ ਅਤੇ ਅਮ੍ਰਿਤਸਰ ਦੀਆਂ ਟੀਮਾਂ ਨੇ ਹਿੱਸਾ ਲਿਆ । ਏਨੀਆਂ ਟੀਮਾਂ ਦਾ ਇਸ ਸਮਾਗਮ ਤੇ ਆਉਣਾ ਦਸਦਾ ਹੈ ਕਿ ਪਲਸ ਮੰਚ ਨੇ ਤਿੰਨ ਸਾਲ ਪਹਿਲੇ ਲੋਕ ਪੱਖੀ ਸਭਿਆਚਾਰ ਨੂੰ, ਜੋ ਇਕ ਲਹਿਰ ਦਾ ਰੂਪ ਦੇਣਾ ਮਿਥਿਆ ਸੀ, ਉਹ ਆਪਣੀ ਮੰਜ਼ਿਲ ਵਲ ਪੁੱਜ ਰਿਹਾ ਹੈ । ਪਲਸ ਮੰਚ ਦੇ ਪ੍ਰਬੰਧਕ ਇਸ ਗੱਲ ਬਾਰੇ ਚੇਤਨ ਹਨ ਕਿ ਲੋਕ ਪੱਖੀ ਕਲਾ ਨੂੰ ਹੋਰ ਪ੍ਰਚੰਡ ਕਰਨ ਦੀ ਲੋੜ ਹੈ । ਨਾਟਕਾਂ ਵਿਚ ਕਿਧਰੇ ਕਿਧਰੇ ਵਿਸ਼ੇ, ਬੋਲੀ ਅਤੇ ਪੇਸ਼ਕਾਰੀ ਦੇ ਲਿਹਾਜ਼ ਨਾਲ ਊਣਤਾਈਆਂ ਸਨ, ਜੋ ਬਾਅਦ ਦੀ ਬਹਿਸ ਵਿਚ ਨੋਟਿਸ ਵਿਚ ਲਿਆਂਦੀਆਂ ਗਈਆਂ ।

ਸਮਾਗਮ ਦੀ ਇਕ ਹੋਰ ਘਟਨਾ ਰੈਸ਼ਨਲਿਸਟ ਸੋਸਾਇਟੀ ਪੰਜਾਬ ਵਲੋਂ ਦੇਵ, ਦੈਂਤ ਅਤੇ ਰੂਹਾਂ ਦਾ ਰੀਲੀਜ਼ ਸੀ । ਇਸਦੀ ਪਹਿਲੀ ਪੁਸਤਕ ਮਾਸਟਰ ਮੇਘ ਰਾਜ ਜੀ ਵਲੋਂ ਜਮਹੂਰੀ ਅਧਿਕਾਰ ਸਭਾ ਦੇ ਜਨਰਲ ਸਕਤ੍ਰ ਪ੍ਰੋ. ਜਗਮੋਹਣ ਸਿੰਘ ਨੂੰ ਭੇਟ ਕੀਤੀ ਗਈ । ਇਸ ਕਿਤਾਬ ਦੀਆਂ ਪਹਿਲੀਆਂ 200 ਕਾਪੀਆਂ ਲੋਕਾਂ ਵਿਚ ਹੱਥੋ ਹੱਥੀ ਵਿਕ ਗਈਆਂ ।

ਇਸ ਸਭਿਆਰਕ ਮੇਲੇ ਦੀ ਵਿਸ਼ੇਸ਼ਤਾ ਇਹ ਸੀ ਕਿ ਜਿਥੇ ਲੋਕ ਏਕਤਾ ਯੂਥ ਫਰੰਟ ਵਲੋਂ ਕਮਾਲ ਦਾ ਪ੍ਰਬੰਧ ਸੀ, ਉਥੇ ਸਾਰੀਆਂ ਲੋਕ ਪੱਖੀ ਜਥੇਬੰਦੀਆਂ ਦੀ ਸਰਗਰਮ ਸ਼ਮੂਲੀਅਤ ਸੀ । ਰੈਸ਼ਨਲਿਸਟ ਸੋਸਾਇਟੀ ਦੇ ਨੁਮਾਇੰਦੇ ਵੀ ਉਥੇ ਸਨ, ਜਮਹੂਰੀ ਅਧਿਕਾਰ ਸਭਾ ਦੇ ਲੋਕ ਵੀ ਉਥੇ ਸਨ ਅਤੇ ਕ੍ਰਾਂਤੀਕਾਰੀ ਸਾਹਿਤ ਸਭਾ ਦੇ ਲੋਕ ਵੀ ਉਥੇ ਸਨ । ਲੋਕ ਪੱਖੀ ਲਿਟਰੇਚਰ ਦੀ ਵਿਕਰੀ ਤਿੰਨ ਸਟਾਲਾਂ ਤੇ ਵੱਡੀ ਪੱਧਰ ਤੇ ਹੋਈ । ਇਸੇ ਤਰ੍ਹਾਂ ਇਨਕਲਾਬੀ ਗੀਤਾਂ ਦੀਆਂ ਕੈਸਟਾਂ ਵੀ ਲੋਕਾਂ ਤਕ ਪੁੱਜੀਆਂ। ਮੇਲੇ ਦੀ ਸਫਲਤਾ ਦਾ ਅਹਿਸਾਸ ਕਰਦੇ ਹੋਏ ਇਹ ਫੈਸਲਾ ਵੀ ਲਿਆ ਗਿਆ ਹੈ ਕਿ ਪੰਜਾਬ ਲੋਕ ਸਭਿਆਚਾਰ ਵਲੋਂ ਹਰ ਸਾਲ ਮਈ ਦੇ ਮਹੀਨੇ ਇਕ ਸਭਿਆਚਾਰਕ ਮੇਲਾ ਰਾਮਪੁਰਾ ਫੂਲ ਵਿਚ ਕੀਤਾ ਜਾਏਗਾ । ੦

# ਸਮਤਾ ਵਿਚ ਗਿੱਲ ਭਰਾਵਾਂ ਦੀ ਚਿੱਠੀ ਦੇ ਸੰਦਰਭ ਵਿਚ ਇਕ ਚਿੱਠੀ

ਇਹ ਚਿੱਠੀ ਲਖਨਊ ਚੋਂ ਕੁਝ ਸਾਥੀਆਂ ਨੇ ਭੇਜੀ ਹੈ। ਇਹ ਸਾਥੀ ਇਡੀਅਨ ਪੀਪਲਜ਼ ਫਰੰਟ ਨਾਲ ਸੰਬਧ ਰਖਦੇ ਹਨ। ਇਸ ਚਿੱਠੀ ਵਿਚ I. P. F. ਦਾ ਪੰਜਾਬ ਦੇ ਮੱਸਲੇ ਬਾਰੇ ਸਟੈਂਡ ਵੀ ਸਪੱਸ਼ਟ ਹੁੰਦਾ ਹੈ / ਸੰਪਾਦਕ

ਦੋਸਤੋ,

ਇਸ ਤੋਂ ਪਹਿਲਾਂ ਕਿ ਤੁਹਾਡੇ ਸਵਾਲਾਂ ਦੇ ਜਵਾਬ ਦੇਈਏ, ਅਸੀਂ ਪੰਜਾਬ ਸਮਸਿਆ ਬਾਰੇ ਆਪਣਾ ਸਟੈਂਡ ਦੱਸਣਾ ਚਾਹਾਂਗੇ ਮੌਜੂਦਾ ਸਮਸਿਆ ਅਖੌਤੀ 'ਹਰਿਤ ਕ੍ਰਾਂਤਿ' ਦੀ ਦੇਣ ਹੈ। ਜਿਸਦੇ ਤਹਤ ਖੇਤੀ ਦੇ ਪੂੰਜੀਵਾਦੀ ਵਿਕਾਸ ਦਾ ਪ੍ਰਯੋਗ ਕੀਤਾ ਗਿਆ। ਇਹ ਵਿਕਾਸ ਅੱਗੇ ਜਾ ਕੇ ਅਵਰੁਧ ਹੋ ਗਿਆ। ਇਸ ਵਿਚ ਉਭਰੇ ਪੂੰਜੀਵਾਦੀ ਜੋਤਦਾਰ, ਜਿਨ੍ਹਾਂ ਦੀ ਅਗਵਾਈ ਅਕਾਲੀ ਦਲ ਕਰਦਾ ਹੈ, ਪੈਦਾਵਾਰ ਦੇ ਲਾਭਕਾਰੀ ਮੁੱਲ ਨਾ ਮਿਲਣ ਕਰਕੇ ਆਰਥਿਕ ਰੂਪ ਵਿਚ ਤਬਾਹ ਹੋਣ ਲੱਗਾ। ਇਸ ਹਾਲ ਨਾਲ ਨਿਬੜਨ ਲਈ ਅਕਾਲੀ ਦਲ ਨੇ ਸਿਖਾਂ ਨੂੰ ਜਥੇਬੰਦ ਕਰਨ, ਅਤੇ ਹੇਠਲੇ ਤਬਕੇ ਦੇ ਲੋਕਾਂ ਨੂੰ ਆਪਣੇ ਵਲ ਖਿਚਣ ਲਈ, ਕੁਝ ਧਾਰਮਕ ਅਤੇ ਜਨਵਾਦੀ ਮੰਗਾਂ ਨਾਲ ਮੋਰਚਾ ਸ਼ੁਰੂ ਕੀਤਾ। ਪਰ ਉਹਨਾਂ ਦੀ ਅਸਲੀ ਮੰਗ ਇਹੋ ਸੀ ਕਿ ਪੈਦਾਵਾਰ ਦੀਆਂ ਕੀਮਤਾਂ ਵਧਾਈਆਂ ਜਾਣ ਅਤੇ ਜ਼ਮੀਂਦਾਰ ਦੀ ਵਰਤੋਂ ਵਿਚ ਆਣ ਵਾਲੀਆਂ ਮਸ਼ੀਨਾਂ—ਟਰੈਕਟਰ; ਟਯੂਬਵੈਲ, ਤੇ ਖਾਦ, ਬੀਜ, ਬਿਜਲੀ ਪਾਣੀ ਆਦਿ ਦੇ ਮੁੱਲ ਘਟਾਏ ਜਾਣ। ਪੂੰਜੀਵਾਦ ਦੀ ਉਸਾਰੀ ਦੇ ਰਾਹ ਵਿਚ ਇਹ ਮੰਗਾਂ ਜਾਇਜ਼ ਸਨ, ਇਸੇ ਲਈ ਅਸੀਂ ਅਕਾਲੀ ਮੋਰਚੇ ਨੂੰ ਨਿਆਪੂਰਣ ਮੋਰਚਾ ਕਿਹਾ। ਪਰ ਨਿਰੰਕੁਸ਼ ਕਾਂਗਰਸ, ਜੋ ਕ੍ਰਿਸ਼ੀ-ਉਪਕਰਣਾਂ ਦਾ ਉਤਪਾਦਨ ਕਰਨ ਵਾਲੇ ਵੱਡੇ ਕਾਰਖਾਨੇਦਾਰਾਂ ਦੇ ਹਿਤਾਂ ਦੀ ਪੈਰਵੀ ਅਤੇ ਸੇਵਾ ਕਰਦੀ ਹੈ, ਇਸ ਮੋਰਚੇ ਨੂੰ ਸਖਤੀ ਨਾਲ ਦਬਾਉਣ ਲਈ ਮਜਬੂਰ ਸੀ। ਆਪਣੇ ਇਸ ਨਿਸ਼ਾਨੇ ਨੂੰ ਪਾਣ ਲਈ ਉਸਨੇ ਭਿੰਡਰਾਂਵਾਲੇ ਦੇ ਰਾਹੀਂ ਪੰਜਾਬ ਵਿਚ ਧਾਰਮਕ ਜਨੂੰਨ ਦਾ ਮਾਹੌਲ ਤਿਆਰ ਕੀਤਾ ਅਤੇ ਅਕਾਲੀ ਦਲ ਨੇ ਇਸ ਧਾਰਮਕ-ਜਨੂੰਨੀ ਮਾਹੌਲ ਦਾ ਇਸਤੇਮਾਲ ਆਪਣੀ ਹੋਂਦ ਨੂੰ ਬਚਾਈ ਰਖਣ ਲਈ ਕਵਚ ਵਾਂਗ ਕੀਤਾ। ਦੂਜੇ ਬੰਨੇ ਸਰਕਾਰ, ਧਾਰਮਕ ਮੰਗਾਂ ਨੂੰ ਮੰਨ ਕੇ ਅਕਾਲੀਆਂ ਨੂੰ ਉਸਦਾ ਰਾਜਨੀਤਿਕ ਲਾਭ ਨਹੀਂ ਦੇਣਾ ਚਾਹੁੰਦੀ ਸੀ। ਆਪਣੀ ਪੁਰਾਣੀ ਨੀਤੀ ਅਨੁਸਾਰ ਸਰਕਾਰੀ ਲਾਊਡ ਸਪੀਕਰਾਂ ਰਾਹੀਂ-ਸਰਕਾਰ ਨੇ ਇਸ ਮੋਰਚੇ ਨੂੰ ਰੱਜ ਕੇ ਬਦਨਾਮ ਕੀਤਾ। ਨਾਲ ਹੀ ਭਾਰਤੀ ਜਨਤਾ ਪਾਰਟੀ ਵਰਗੀ ਫਿਰਕੂ ਪਾਰਟੀਆਂ ਦੀ ਮਦਦ ਨਾਲ ਹਿੰਦੂਆਂ ਨੂੰ ਸਿਖਾਂ ਦੇ ਖਿਲਾਫ਼ ਭੜਕਾਇਆ। ਇਸ ਤਰ੍ਹਾਂ ਸਰਕਾਰ ਨੇ ਮਸਲੇ ਨੂੰ ਫਿਰਕੂ ਰੰਗ ਦੇ ਕੇ ਅੰਦੋਲਨਕਾਰੀਆਂ ਦੇ ਨਾਲ ਨਾਲ ਪੂਰੇ ਸਿਖ ਸਮਾਜ ਨੂੰ ਰਾਸ਼ਟਰੀ ਧਾਰਾ ਤੋਂ ਕੱਟਣ ਦੀ ਸ਼ਰਮਨਾਕ ਕੋਸ਼ਿਸ਼ ਕੀਤੀ। ਦੂਜੇ ਸੂਬਿਆਂ ਦੀ ਜਨਤਾ ਨੂੰ ਸਿੱਖਾਂ ਦੇ ਵਿਰੁਧ ਜਥੇਬੰਦ ਕਰਕੇ ਖੜਾ ਕੀਤਾ ਅਤੇ ਆਪਣਾ ਅਤਿਆਚਾਰੀ ਦਮਨ ਚੱਕਰ ਚਲਾਇਆ। ਇਸ ਸਾਰੇ ਮੁਆਮਲੇ ਵਿਚ ਅਕਾਲੀ ਦਲ, ਖਾਸ ਕਰਕੇ ਭਿੰਡਰਾਂਵਾਲੇ ਹੋਰਾਂ ਦਾ ਕੁਸੂਰ ਸਿਰਫ਼ ਏਨਾ ਹੀ ਸੀ ਕਿ ਉਹ ਸਰਕਾਰ ਦੀਆਂ ਕੂਟਨੀਤਿਕ ਚਾਲਾਂ ਨੂੰ ਸਮਝਣ ਵਿਚ ਨਾਕਾਮ ਰਹੇ, ਇਸ ਤਰ੍ਹਾਂ ਮੋਰਚਾ ਪੂਰੀ ਤਰ੍ਹਾਂ ਸਰਕਾਰ ਦੇ ਹੱਥਾਂ ਵਿਚ ਖੇਡਣ ਲੱਗਾ। ਪੰਜਾਬ ਵਿਚ ਸਰਕਾਰ ਨੇ ਜੋ ਕੁਝ ਵੀ ਕੀਤਾ, ਉਹ ਬਿਨਾਂ ਕਿਸੇ ਮਜ਼ਬੂਤ ਬੁਨਿਆਦ ਦੇ ਹੋਣਾ ਮੁਮਕਿਨ ਨਹੀਂ ਸੀ। ਸਰਕਾਰ ਨੂੰ ਆਧਾਰ ਅਕਾਲੀਆਂ, ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਚੇਲਿਆਂ-ਬਾਲਕਿਆਂ ਨੇ ਮੁਹਈਆ ਕੀਤਾ।

ਅਸੀਂ ਇਹ ਵੀ ਮੰਨਦੇ ਹਾਂ ਕਿ ਪੰਜਾਬ ਵਿਚ ਹੋਈਆਂ ਸਾਰੀਆਂ ਆਤੰਕਵਾਦੀ ਕਾਰਗੁਜ਼ਾਰੀਆਂ ਵਿਚ ਸਿਰਫ ਮੋਰਚੇ ਵਾਲਿਆਂ ਦਾ ਹੀ ਹੱਥ ਨਹੀਂ ਸੀ, ਮਗਰ ਇਹ ਜਾਣਦੇ ਹੋਏ ਵੀ ਕਿ ਸਰਕਾਰ ਮੋਰਚੇ ਦਾ ਨਿਸ਼ਾਨਾ ਬਦਲਣ ਲਈ ਅਪਣੇ ਪਾਲਤੂ ਗੁੰਡਿਆ ਰਾਹੀਂ ਹਿੰਸਾ ਦੀ ਖੇਡ ਵੀ ਖੇਡਦੀ ਹੈ, ਕਈ ਅੰਦੋਲਨਕਾਰੀ ਸਰਕਾਰ ਦੀਆਂ ਉਕਸਾਊ ਕਾਰਵਾਈਆਂ ਦੇ ਬਹਾਓ ਵਿਚ ਆ ਗਏ ਅਤੇ ਫਿਰਕੂ ਹਥਕੰਡਿਆਂ—ਨੂੰ ਫਿਰਕੂ ਤੌਰ ਤਰੀਕਿਆਂ ਨਾਲ ਨਜਿਠਣ ਦੀ ਗ਼ਲਤੀ ਕਰ ਬੈਠੇ। ਅਸੀਂ ਪਹਿਲਾਂ ਵੀ ਕਿਹਾ ਸੀ ਕਿ ਇੰਦਰਾਗਾਂਧੀ ਆਪਣੀਆਂ ਹੀ ਫਿਰਕੂ ਨੀਤੀਆਂ ਦੀ ਸ਼ਿਕਾਰ ਬਣੀ ਹੈ। ਸਾਡਾ ਸੋਚਣਾ ਹੈ ਕਿ ਸਰਕਾਰ ਅਕਾਲੀ ਮੋਰਚੇ ਨਾਲ ਜਿਸ ਤਰ੍ਹਾਂ ਪੇਸ਼ ਆਈ ਹੈ ਉਸ ਨਾਲ ਧਾਰਮਕ ਜਨੂੰਨ ਅਤੇ ਖਾਲਿਸਤਾਨ ਦੀ ਭਾਵਨਾ ਨੂੰ ਤਾਕਤ ਮਿਲੀ ਹੈ, ਅਸੀਂ ਇਹ ਵੀ ਆਖਿਆ ਸੀ ਕਿ ਕਾਂਗਰਸ ਦੀਆਂ ਨੀਤੀਆਂ ਉਸ ਕੌਮੀ ਏਕਤਾ ਅਤੇ ਅਖੰਡਤਾ ਲਈ ਆਪ ਖਤਰਾ ਸਾਬਤ ਹੋ ਸਕਦੀਆਂ ਹਨ ਜਿਵੇਂ ਨਾਂ ਤੇ ਕਾਂਗਰਸ ਨੇ ਚੋਣਾਂ ਜਿੱਤੀਆਂ। ਕੁਲ ਮਿਲਾ ਕੇ ਪੰਜਾਬ ਦੇ ਹਾਲਾਤ ਨੂੰ ਇਸ ਦੁਖਦਾਈ ਮੋੜ ਤਕ ਲਿਆਉਣ ਲਈ ਸਭ ਤੋਂ ਪਹਿਲੇ ਕਾਂਗਰਸ ਅਤੇ ਵਿਰੋਧੀ ਪਾਰਟੀਆਂ ਅਤੇ ਉਸ ਤੋਂ ਬਾਦ ਅਕਾਲੀ ਦਲ ਦੇ ਲੀਡਰ ਅਤੇ ਭਿੰਡਰਾਂ ਵਾਲੇ ਵਰਗੇ ਲੋਕ ਜ਼ਿਮੇਦਾਰ ਹਨ। ਇਸ ਲਈ ਸਾਡਾ ਮੁਖ ਨਿਸ਼ਾਨਾਂ ਕਾਂਗਰਸ ਦੀ ਨਿਰੰਕੁਸ਼ ਸਰਕਾਰ ਹੀ ਹੈ। ਅਸੀਂ ਮੰਨਦੇ ਹਾਂ ਕਿ ਹਾਲ ਵਿਚ ਅਕਾਲੀ ਦਲ ਦੇ ਲੀਡਰਾਂ ਵਲੋਂ ਦਿਤੇ ਗਰਮ ਬਿਆਨ ਸਿੱਖਾਂ ਵਿਚ ਬਿਆਪਤ ਸਹਜ-ਸੁਭਾਵਕ ਗੁੱਸੇ ਤੋਂ ਹੀ ਉਪਜੇ ਹਨ। ਪਰ ਅਸੀਂ ਕਦੀ ਵੀ ਇਹ ਕਲਪਨਾ ਨਹੀਂ ਕੀਤੀ ਸੀ ਕਿ ਇਸ ਗੁੱਸੇ ਦਾ ਨਿਸ਼ਾਨਾ ਸਾਥੀ

ਗੁਰਸ਼ਰਨ ਸਿੰਘ ਵੀ ਬਣ ਸਕਦਾ ਹੈ ।

ਹੁਣ ਕੁਝ ਗੱਲਾਂ ਖਤ ਬਾਰੇ । ਸਿਖ ਗੁਰਧਾਮਾਂ ਦੇ ਨਾਂਉ ਤੇ ਰੇਲ ਗੱਡੀਆਂ ਚੱਲਣ, ਹਰਿਮੰਦਰ ਸਾਹਬ ਤੋਂ ਗੁਰਬਾਣੀ ਦਾ ਪ੍ਰਸਾਰਣ ਰੇਡੀਓ ਤੇ ਹੋਣ, ਹਵਾਈ ਜਹਾਜ਼ ਉਪਰ ਕਿਰਪਾਨ ਲੈ ਕੇ ਚੱਲਣ ਤੇ ਅਮ੍ਰਿਤਸਰ ਨੂੰ ਪਵਿੱਤਰ ਧਾਰਮਕ ਨਗਰ ਦਾ ਦਰਜਾ ਮਿਲਣ ਦਾ ਮਤਲਬ ਇਨਕਲਾਬ ਨਹੀਂ ਹੁੰਦਾ । ਹਾਲਾਂ ਕਿ ਅਸੀਂ ਇਨ੍ਹਾਂ ਮੰਗਾਂ ਦੇ ਖਿਲਾਫ਼ ਨਹੀਂ ਅਸੀਂ ਧਾਰਮਕ ਮਾਮਲਿਆਂ ਵਿਚ ਰਾਜ ਸੱਤਾ ਦੀ ਦਖਲੰਦਾਜ਼ੀ ਦਾ ਵਿਰੋਧ ਕਰਦੇ ਹਾਂ । ਸ਼ਹੀਦ ਭਗਤ ਸਿੰਘ ਦੇ ਕਹੇ ਅਨੁਸਾਰ ਇਨਕਲਾਬ ਦਾ ਮਤਲਬ ਹੁੰਦਾ ਹੈ—ਸਿਸਟਮ ਵਿਚ ਬੁਨਿਆਦੀ ਤਬਦੀਲੀ । ਜਿਸ ਵਿਚ ਲੁਟੇਰਾ ਸ਼ਾਸਕ ਵਰਗ ਸ਼ਾਸਿਤ ਹੋ ਜਾਂਦਾ ਹੈ ਅਤੇ ਲੁੱਟ ਦਾ ਸ਼ਿਕਾਰ ਨਿਮਾਣਾ ਨਿਤਾਣਾ ਮੇਹਨਤਕਸ਼ ਮਜ਼ਦੂਰ ਤਬਕਾ ਸ਼ਾਸ਼ਕ ਹੋ ਜਾਂਦਾ ਹੈ । ਇਸ ਦੇ ਲਈ ਪਹਿਲਾਂ ਰਾਜ-ਸੱਤਾ ਉਪਰ ਕਬਜ਼ਾ ਕਰਨਾ ਪੈਂਦਾ ਹੈ ਅਤੇ ਫਿਰ ਉਸਦੇ ਢਾਂਚੇ ਨੂੰ ਪੂਰੀ ਤਰ੍ਹਾਂ ਮਿਟਾ ਕੇ ਕਿ ਨਵਾਂ ਢਾਂਚਾ ਖੜਾ ਕਰਨਾ ਪੈਂਦਾ ਹੈ । ਇਨਕਲਾਬ ਦਾ ਮਤਲਬ ਹੁੰਦਾ ਹੈ, ਮੇਹਨਤ-ਕਸ਼ ਅਵਾਮ ਖਾਸਕਰ ਮਜ਼ਦੂਰ ਅਤੇ ਕਿਸਾਨ ਦੀ ਸ਼ੋਸ਼ਣ ਅਤੇ ਗੁਲਾਮੀ ਤੋਂ ਸਦਾ ਲਈ ਮੁਕਤੀ । ਮਹਿਜ਼ ਰਾਜ-ਸੱਤਾ ਤੇ ਕਾਬਜ਼ ਹੋ ਕੇ ਇਨਕਲਾਬ ਦੇ ਨਿਸ਼ਾਨੇ ਨੂੰ ਨਹੀਂ ਪਾਇਆ ਜਾ ਸਕਦਾ । ਜੇ ਇਹੀ ਹੁੰਦਾ ਤਾਂ ਅਕਾਲੀ ਦਲ ਅਪਣੇ ਸ਼ਾਸਨ ਕਾਲ ਵਿਚ ਪੰਜਾਬ ਦੀਆਂ ਸਾਰੀਆਂ ਸਮਸਿਆਵਾਂ ਨੂੰ ਹਲ ਕਰ ਲੈਂਦਾ । ਇਨਕਲਾਬ ਦੀ ਕਾਰਵਾਈ ਜਨਤਾ ਦੇ ਸਹਿਯੋਗ ਤੇ ਸਮਰਥਨ ਤੋਂ ਬਿਨਾਂ ਪੂਰੀ ਨਹੀਂ ਹੋ ਸਕਦੀ ਇਸ ਵਾਸਤੇ ਸਾਨੂੰ ਜਨਤਾ ਉਪਰ ਭਰੋਸਾ ਕਰਨਾ ਜ਼ਰੂਰੀ ਹੈ । ਸਾਨੂੰ ਜਨਤਾ ਦੀਆਂ ਉਸਾਰੂ ਤਾਕਤਾਂ ਤੇ ਭਰੋਸਾ ਕਰਨਾ ਪੈਂਦਾ ਹੈ । ਜੋ ਲੋਗ ਅਜੇਹਾ ਨਹੀਂ ਕਰਦੇ ਅਤੇ ਇੱਕੇ-ਦੁੱਕੇ ਹਥਿਆਰ ਚੁੱਕ ਕੇ, ਆਪ ਹੀ ਨਿਕਲ ਪੈਂਦੇ ਹਨ ਉਨ੍ਹਾਂ ਦਾ ਹਸ਼ਰ ਓਹੀ ਹੁੰਦਾ ਹੈ ਜੋ ਭਿੰਡਰਾਂ ਵਾਲੇ ਦਾ ਹੋਇਆ ਜਾਂ ਜਿਸਦੇ ਕਾਰਣ ਅੱਗੇ ਚਲਕੇ ਸਿਖ ਸਮੁਦਾਏ ਅਤੇ ਉਸ ਦੇ ਧਾਰਮਕ ਸਥਾਨਾਂ ਦਾ ਹੋਇਆ ! ਇਸੇ ਤਰ੍ਹਾਂ ਦੀਆਂ ਕੁਝ ਭੁੱਲਾਂ ਕਮਿਊਨਿਸਟ ਇਨਕਲਾਬੀਆਂ ਨੇ ਵੀ ਕੀਤੀਆਂ ਸੀ । ਪਰ ਕਮਿਊਨਿਸਟ ਆਪਣੀਆਂ ਭੁਲਾਂ ਤੇ ਚਾਦਰ ਨਹੀਂ ਪਾਉਂਦੇ, ਉਹਨਾਂ ਨੂੰ ਖੁਲ੍ਹੇ-ਆਮ ਸਵੀਕਾਰ ਕਰਦੇ ਹਨ ਅਤੇ ਪਿਛਲੀਆਂ ਗਲਤੀਆਂ ਤੋਂ ਸਬਕ ਲੈ ਕੇ ਅਗਲਾ ਕਦਮ ਪੁਟਦੇ ਹਨ । ਭਗਤ ਸਿੰਘ ਨੇ ਕਿਹਾ ਹੀ ਕਿ ਇਨਕਲਾਬੀ ਹੋਣ ਦਾ ਅਰਥ ਬੰਬ ਪਿਸਤੌਲ ਵਾਲਾ ਬੰਦਾ ਹੀ ਨਹੀਂ ਹੁੰਦਾ (ਬੰਬ, ਪਸਤੌਲ ਤੇ ਸਟੇਨਗੰਨਾ ਡਾਕੂਆਂ ਕੋਲ ਈ ਬਥੇਰੇ ਹੁੰਦੇ ਨੇ) ਇਨਕਲਾਬੀ ਉਹ ਹੁੰਦਾ ਹੈ ਜੋ ਕਰਾਂਤੀਕਾਰੀ, ਸਿਧਾਂਤਾਂ ਅਤੇ ਚੇਤਨਾਂ ਨਾਲ ਲੈਸ ਹੁੰਦਾ ਹੈ ਅਤੇ ਨਾਲ ਹੀ ਉਹ ਜਨਤਾ ਨੂੰ ਵੀ ਇਹਨਾਂ ਸਿਧਾਂਤਾਂ ਤੇ ਚੇਤਨਾ ਨਾਲ ਲੈਸ ਕਰਦਾ ਹੈ । ਚੇਤਨਾ ਹੀ ਆਦਮੀ ਨੂੰ ਬਹਾਦੁਰੀ ਨਾਲ ਲੜਨ, ਮਜ਼ਬੂਤੀ ਨਾਲ ਆਪਣੇ ਨਿਸ਼ਾਨਿਆਂ ਤਕ ਪੁੱਜਣ ਅਤੇ ਅਸੀਮ ਕੁਰਬਾਨੀਆਂ ਦੇਣ ਦੀ ਪ੍ਰੇਰਣਾ ਦਿੰਦੀ ਹੈ । ਜਿੰਨ੍ਹਾ ਦਾ ਵਿਸ਼ਵਾਸ ਇਹ ਨਹੀਂ ਕਿ ਕਰਾਂਤੀ ਦੀ ਰਾਹ ਦਾ ਰੋੜਾ ਬਣਨ ਵਾਲੀ ਹਰ ਚੀਜ਼ ਦੇ ਖਿਲਾਫ ਜਨਤਾ ਆਪ ਹਥਿਆਰ ਚੁੱਕੇਗੀ, ਉਹ ਲੋਕ ਹੀ ਹਥਿਆਰ-ਬੰਦ ਘੋਲ ਦੇ ਮਾਮਲੇ ਵਿਚ ਭਟਕਾਓ ਦਾ ਸ਼ਿਕਾਰ ਹੋ ਜਾਂਦੇ ਹਨ । ਇਨਕਲਾਬ ਦੇ ਨਿਸ਼ਾਨੇ ਲਈ ਸਾਡੇ ਕੋਲ ਪੂਰੀ ਵਿਵਸਥਾ, ਰਾਜ ਸਤਾ ਸ਼ਾਸਨ ਵਰਗ ਅਤੇ ਜਨਤਾ ਦੇ ਪ੍ਰਤੀ ਸਾਫ ਅਤੇ ਵਿਗਿਆਨਿਕ ਦਰਿਸ਼ਟੀਕੋਣ ਹੋਣਾ ਚਾਹੀਦਾ ਹੈ । ਜਿਹੜਾ ਧਾਰਮਕ ਜਨੂੰਨੀਆਂ ਨੂੰ ਕਦੇ ਹਾਸਲ ਨਹੀਂ ਹੋ ਸਕਦਾ । ਜੋ ਸਮਸਿਆ ਦਾ ਹਲ ਚੀਜ਼ਾਂ ਦੇ ਅੰਦਰ ਨਾ ਲਭਕੇ ਬਾਹਰ ਲੱਭਦੇ ਹਨ । ਜਿੰਦਾਂ ਪੰਜਾਬ ਸਮਸਿਆ ਦਾ ਹੱਲ ਖਾਲਸਤਾਨ ਵਿਚ ਵੇਖਣਾ ।

ਖਤ ਵਿਚ ਜ਼ਿਕਰ ਹੈ ਕਿ ਅਕਾਲੀਆਂ ਦਾ ਮੌਜੂਦਾ ਮੋਰਚਾ ਵੀ ਸਫ਼ਲ ਹੋਵੇਗਾ, ਪਰ ਇਹ ਤਾਂ ਹੀ ਹੋ ਸਕਦਾ ਹੈ ਜੇ ਤੁਸੀਂ ਆਪਣੀ ਸੋਚ ਅਤੇ ਨਜ਼ਰੀਏ ਨੂੰ ਬਦਲੋਂਗੇ ਨਹੀਂ ਤੇ ਦੋਸਤੋ ਬਹੁਤ ਜ਼ਿਆਦਾ ਨੁਕਸਾਨ ਚੁੱਕਣ ਤੋਂ ਬਾਦ ਤੁਸੀਂ ਇਕ ਬਹੁਤ ਛੋਟਾ ਜਿਹਾ ਈਰਾਨ ਹੀ ਹਾਸਲ ਕਰ ਸਕਦੇ ਹੋ ।

ਜਿਸ ਤਰ੍ਹਾਂ ਹਰ ਚੀਜ਼ ਦੇ ਦੋ ਪਹਿਲੂ ਹੁੰਦੇ ਹਨ, ਉਸੇ ਤਰ੍ਹਾਂ ਕਮਿਊਨਿਸਟ ਵੀ ਦੋ ਪ੍ਰਕਾਰ ਦੇ ਹੁੰਦੇ ਹਨ । ਸ਼ਾਸਕ ਵਰਗ ਜਨਤਾ ਨੂੰ ਭਰਮ ਵਿਚ ਪਾਉਣ ਲਈ, ਆਪਣੇ ਕੁਝ ਏਜੰਟਾਂ ਨੂੰ ਕਮਿਊਨਿਸਟਾਂ ਦਾ ਨਕਾਬ ਪੁਆ ਕੇ ਜਨਤਾ ਵਿਚ ਭੇਜਦਾ ਹੈ । ਦੋਸਤੋ, ਸ਼ਾਸਕ ਵਰਗ ਜਦ ਇਸ ਤਰ੍ਹਾਂ ਕਰਦਾ ਹੈ ਤਾਂ ਇਸਦਾ ਮਤਲਬ ਇਹ ਹੁੰਦਾ ਹੈ ਕਿ ਸੱਚੀਆਂ ਕਮਿਊਨਿਸਟ ਇਨਕਲਾਬੀ ਤਾਕਤਾਂ ਹੋਂਦ ਵਿਚ ਆ ਚੁਕੀਆਂ ਹਨ । ਹੁਣ ਤੁਸੀਂ ਇਹ ਦੇਖੋ ਕਿ ਇਸ ਤਰ੍ਹਾਂ ਸਾਰੇ ਕਮਿਊਨਿਸਟਾਂ ਨੂੰ ਫੰਡ ਖਾਊ ਜਾ ਕੁਰਸੀ ਦਾ ਭੁੱਖਾ ਨਹੀਂ ਕਿਹਾ ਜਾਣਾ ਚਾਹੀਦਾ । ਚੋਣਾਂ ਵਿਚ ਹਿੱਸਾ ਲੈ ਕੇ ਕੁਰਸੀ ਤਕ ਪਹੁੰਚਣ ਬਾਰੇ ਸਾਡੀ ਸੋਚ ਸੰਸਦੀ ਕਮਿਊਨਿਸਟ ਪਾਰਟੀਆਂ ਤੋਂ ਵੱਖਰੀ ਹੈ । ਕਮਿਊਨਿਸਟ ਜਦ ਕੋਈ ਫੰਡ ਇਕੱਠਾ ਕਰਦੇ ਹਨ ਤਾਂ ਬਦਲੇ ਵਿਚ ਲੋਕਾਂ ਨੂੰ ਕਰਾਂਤੀਕਾਰੀ ਰਾਜਨੀਤੀ ਵੀ ਦੇਂਦੇ ਹਨ । ਅਤੇ ਲੋਕ ਫੰਡ ਇਸ ਲਈ ਦੇਂਦੇ ਹਨ, ਕਿਉਂਕਿ ਉਹ ਉਸ ਰਾਜਨੀਤੀ ਨਾਲ ਸਹਿਮਤ ਹੁੰਦੇ ਹਨ । ਕਮਿਊਨਿਸਟ, ਜਨਤਾ ਨੂੰ ਕੁਝ ਦੇ ਕੇ ਹੀ ਉਹਨਾਂ ਕੋਲੋਂ ਕੁਝ ਮੰਗਦੇ ਹਨ । ਉਹ ਆਪਣੀ

ਇਕ ਲੱਖ ਰੁਪਏ ਦੀ ਜ਼ਰੂਰਤ ਨੂੰ ਪੂਰਾ ਕਰਨ ਦੇ ਲਈ ਇਕ ਲੱਖ ਲੋਕਾਂ ਨੂੰ ਰਾਜਨੀਤੀ ਦੇ ਕੇ ਇਕ-ਇਕ ਰੁਪਿਆ ਇਕੱਠਾ ਕਰਦੇ ਹਨ। ਇਸ ਆਪਣੀ ਜ਼ਰੂਰਤ ਨੂੰ ਪੂਰਾ ਕਰਨ ਲਈ ਕਮਿਊਨਿਸਟ ਬੈਂਕ ਨਹੀਂ ਲੁਟਦੇ ਅਤੇ ਨਾਂ ਹੀ ਲੋਕਾਂ ਨੂੰ ਲੁੱਟਦੇ ਹਨ। ਇਸ ਮਕਸਦ ਲਈ ਉਹ ਕਿਸੇ ਦੀ ਹੱਤਿਆ ਨਹੀਂ ਕਰਦੇ। ਉਹ ਆਪ ਜਨਤਾ ਦੀ ਇਕ ਦਮੜੀ ਨੂੰ ਵੀ ਬੇਮਤਲਬ ਹੱਥ ਨਹੀਂ ਲਗਾਂਦੇ ਬਲਕਿ ਉਹ ਜਨਤਾ ਦੀ ਸੰਪਤੀ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ। ਹਾਲਾਂ ਕਿ ਉਹ ਜਿਸ ਤਰ੍ਹਾਂ ਤੁਹਾਨੂੰ ਪਤਾ ਹੋਵੇਗਾ—ਸਿਰਫ਼ ਸੰਪਤੀ ਤੇ ਇਕ ਆਦਮੀ ਦੀ ਮਲਕੀਅਤ ਦੇ ਖਿਲਾਫ਼ ਹੁੰਦੇ ਹਨ। ਉਹ ਉਸ ਸਿਸਟਮ ਅਤੇ ਕਾਨੂੰਨ ਦੇ ਖਿਲਾਫ਼ ਹੁੰਦੇ ਹਨ ਜੋ ਕਿਸੇ ਆਦਮੀ ਨੂੰ ਲੁੱਟ-ਖਸੁੱਟ ਕਰਕੇ ਪੈਦਾ ਕੀਤੀ ਹੋਈ ਸੰਪਤੀ ਦਾ ਮਾਲਕ ਬਣਾ ਦਿੰਦਾ ਹੈ। ਲੁਬੇ ਲੁਬਾਵ ਇਹ ਕਿ ਸਾਨੂੰ ਚੀਜ਼ਾਂ ਵਿਚ ਸਹੀ-ਸਹੀ ਫਰਕ ਕਰਕੇ ਉਨ੍ਹਾਂ ਨੂੰ ਦੇਖਣਾ ਅਤੇ ਸਮਝਣਾ ਚਾਹੀਦਾ ਹੈ। ਸਾਨੂੰ ਅਸਲੀ ਅਤੇ ਨਕਲੀ, ਦੋਸਤ ਅਤੇ ਦੁਸ਼ਮਣ ਦੀ ਠੀਕ ਠੀਕ ਅਤੇ ਸਹੀ ਪਛਾਣ ਕਰਨੀ ਚਾਹੀਦੀ ਹੈ। ਹੁਣ ਤੁਸੀਂ ਜੇ ਸਾਰੇ ਸਿੱਖਾਂ ਜਾਂ ਅਕਾਲੀਆਂ ਨੂੰ ਸਹੀ ਮੰਨਦੇ ਹੋ ਤਾਂ ਮੰਨਦੇ ਰਹੋ ਅਤੇ ਸਾਰੇ ਹਿੰਦੂਆਂ ਅਤੇ ਕਮਿਊਨਿਸਟਾਂ ਨੂੰ ਗਲਤ ਮੰਨਦੇ ਹੋ ਤੇ ਮੰਨਦੇ ਰਹੋ। ਤਹਾਡੇ ਮੰਨਣ ਯਾ ਨਾ ਮੰਨਣ ਨਾਲ ਠੋਸ ਯਥਾਰਥ ਨਹੀਂ ਜੇ ਬਦਲਣ ਲੱਗਾ। ਸੱਚ ਨਹੀਂ ਮਿਟਣ ਲੱਗਾ। ਪਰ ਐਨਾ ਤੇ ਹੈ ਕਿ ਹਰ ਬੰਦੂਕਧਾਰੀ ਕ੍ਰਾਂਤੀਕਾਰੀ ਨਹੀਂ ਹੁੰਦਾ, ਵਰਨਾਂ ਡਕੈਤਾਂ ਨੂੰ ਕੀ ਕਿਹਾ ਜਾਏਗਾ ਅਤੇ ਸਭ ਤੋਂ ਜ਼ਿਆਦਾ ਹਥਿਆਰ ਰੱਖਣ ਵਾਲੀ ਸਰਕਾਰ ਨੂੰ ਤੁਸੀਂ ਕੀ ਕਹੋਗੇ? ਜੇ ਕਿਸੇ ਬੰਦੇ ਦੇ ਮਗਰ ਵਕਤੀ ਤੌਰ ਤੇ ਕੁਝ ਲੋਕ ਲੱਗ ਜਾਣ, ਇਸ ਨਾਲ ਵੀ ਉਹ ਬੰਦਾ ਡੂੰਘੀ ਸੋਚ ਵਾਲਾ ਇਨਕਲਾਬੀ ਨਹੀਂ ਬਣ ਜਾਂਦਾ। ਅੱਜ ਰਾਜੀਵ ਗਾਂਧੀ ਦੇ ਮਗਰ ਨੌਜਵਾਨਾਂ ਦੀ ਅੱਛੀ-ਖਾਸੀ ਗਿਣਤੀ ਹੈ, ਜੋ ਕਲ੍ਹ ਸੰਜੇ ਗਾਂਧੀ ਦੇ ਪਿੱਛੇ ਸੀ। ਇਕ ਸਮੇਂ ਮਹਾਤਮਾ ਗਾਂਧੀ ਦੇ ਮਗਰ ਦੇਸ਼ ਦੀ ਅੱਧੀ ਨਾਲੋਂ ਜ਼ਿਆਦਾ ਜਨਤਾ ਸੀ, ਪਰ ਇਸ ਨਾਲ ਹੀ ਉਹ ਕ੍ਰਾਂਤੀਕਾਰੀ ਨਹੀਂ ਹੋ ਗਏ। ਪਰ, ਭਗਤ ਸਿੰਘ ਅਤੇ ਚੰਦ੍ਰਸ਼ੇਖਰ ਅਜ਼ਾਦ ਵਰਗੇ ਲੋਕ ਜਿਨ੍ਹਾਂ ਦੇ ਪਿੱਛੇ ਹਾਲੇ ਬਹੁਤ ਘੱਟ ਲੋਕ ਸੀ, ਉਹਨਾਂ ਨੂੰ ਕ੍ਰਾਂਤੀਕਾਰੀ ਮੰਨਿਆ ਗਿਆ। ਜੇ ਇਲਾਹਾਬਾਦ ਦੇ ਨੌਜਵਾਨ ਲੋਕ ਸਭਾ ਦੀਆਂ ਚੋਣਾਂ ਵਿਚ ਅਮਿਤਾਭ ਬਚਨ ਦੇ ਗਲੈਮਰ ਦੇ ਅਸਰ ਹੇਠ ਆ ਗਏ, ਤਾਂ ਇਸ ਨਾਲ ਅਮਿਤਾਭ ਬਚਨ ਕ੍ਰਾਂਤੀਕਾਰੀ ਨਹੀਂ ਅਖਵਾ ਸਕਦਾ। ਇਸਦਾ ਸਬੂਤ ਵਿਧਾਨ ਸਭਾ ਦੀਆਂ ਚੋਣਾਂ ਹਨ। ਜਿਸ ਵਿਚ ਇਲਾਹਾਬਾਦ ਦੀ ਹੀ ਜਨਤਾ ਨੇ ਅਤੇ ਉਨਾਂ ਹੀ ਨੌਜਵਾਨਾਂ ਨੇ ਅਮਿਤਾਭ ਬਚਨ ਦੇ ਉਮੀਦਵਾਰਾਂ ਦਾ ਮੁੱਢੋਂ ਸਫਾਇਆ ਕਰ ਦਿੱਤਾ। ਅਸੀਂ ਜਦ ਬਦਲਾ ਲੈਣ ਦੀ ਗੱਲ ਕਰਦੇ ਹਾਂ, ਤਾਂ ਉਸਦਾ ਮਤਲਬ ਹੁੰਦਾ ਹੈ ਕਿ ਅਸੀਂ ਇਸ ਜਨ ਵਿਰੋਧੀ ਵਿਵਸਥਾ (System) ਨੂੰ ਗਰਕ ਕਰਕੇ ਆਪਣੇ ਸਾਥੀਆਂ ਦੀ ਮੌਤ ਦਾ ਬਦਲਾ ਲਵਾਂਗੇ, ਤਾਂ ਕਿ ਫਿਰ ਕੋਈ ਇਸ ਤਰ੍ਹਾਂ ਕਿਸੇ ਦੀ ਹਤਿਆ ਨਾ ਕਰ ਸਕੇ। ਅਸੀਂ ਸਿਰਫ਼ ਆਪਣੇ ਸਾਥੀ ਦੀ ਹਤਿਆ ਕਰਨ ਵਾਲੇ ਕਿਸੇ ਇਕ ਬੰਦੇ ਦੀ ਹਤਿਆ ਕਰਨ ਵਿਚ ਯਕੀਨ ਨਹੀਂ ਰੱਖਦੇ। ਤੁਹਾਡੇ ਖਤ ਵਿਚ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹਨ, ਜੋ ਸਿਰਫ਼ ਤੁਹਾਡੀ ਜਾਣਕਾਰੀ ਦੀ ਕਮੀ ਕਰਕੇ ਹਨ! ਜਿਵੇਂ ਨਕਸਲਵਾਦੀ ਲਹਿਰ ਦਾ ਖਤਮ ਹੋਣਾ। ਤੁਹਾਡੀ ਜਾਣਕਾਰੀ ਬਾਰੇ ਅਸੀਂ ਦੱਸਣਾ ਚਾਹਾਂਗੇ ਕਿ ਲਹਿਰ ਨਕਸਲਬਾੜੀ ਤੋਂ ਸ਼ੁਰੂ ਹੋ ਕੇ ਸ੍ਰੀ ਕਾਕੂਲਮ ਅਤੇ ਭੋਜਪੁਰ ਤੱਕ ਪੁੱਜਦੇ-ਪੁੱਜਦੇ ਹੋਰ ਵੀ ਅਤੇ ਨਵੇਂ ਆਯਾਮ ਪਾ ਚੁੱਕੀ ਹੈ। ਇਹ ਲਹਿਰ ਪਹਿਲੇ ਤੋਂ ਵੀ ਜ਼ਿਆਦਾ ਵਿਆਪਕ ਜਨਤਾ ਵਿਚ ਫੈਲੀ ਅਤੇ ਮਜ਼ਬੂਤ ਹੋਈ ਹੈ। ਸਰਕਾਰ ਵੀ ਉਤੋਂ ਇਹੀ ਆਖਦੀ ਹੈ ਕਿ ਇਹ ਲਹਿਰ ਮੁੱਕ ਚੁੱਕੀ ਹੈ ਅਤੇ ਉਸਨੇ ਦੇਸ਼ ਵਿਚ ਸਾਰੇ ਨਕਸਲਵਾਦੀਆਂ ਦਾ ਸਫਾਇਆ ਕਰ ਦਿੱਤਾ ਹੈ। ਪਰ, ਅੰਦਰੋਂ ਸਰਕਾਰ ਲਗਾਤਾਰ ਵੱਧ ਰਹੀ ਇਸ ਤਾਕਤ ਨੂੰ ਲੈ ਕੇ ਫ਼ਿਕਰਮੰਦ ਵੀ ਹੈ। ਦੇਸ਼ ਵਿਚ ਅੱਜ ਤੱਕ ਬਣੇ ਸਾਰੇ ਕਾਲੇ ਕਾਨੂੰਨ ਅਤੇ ਯਾਤਨਾ ਗ੍ਰਹਿ ਇਨ੍ਹਾਂ ਤਾਕਤਾਂ ਦੇ ਖਿਲਾਫ਼ ਹੀ ਬਣਾਏ ਗਏ ਹਨ। ਭਿੰਡਰਾਂਵਾਲੇ ਵਰਗੀ ਕਾਰਗੁਜ਼ਾਰੀ ਦੀ ਆੜ ਵਿਚ ਹੀ ਕਮਿਊਨਿਸਟ ਇਨਕਲਾਬੀਆਂ ਦੇ ਖਿਲਾਫ਼ ਕਾਲੇ ਕਾਨੂੰਨ ਬਣਾਏ ਜਾਂਦੇ ਹਨ। ਅਜੇਹੀਆ ਕਾਰਗੁਜ਼ਾਰੀਆਂ ਦਾ ਬਹਾਨਾ ਬਣਾ ਕੇ ਹੀ ਸੱਚੀ ਲੜਾਈ ਲੜਨ ਵਾਲੀ ਜਨਤਾ ਉਪਰ ਦਮਨ-ਚੱਕ੍ਰ ਚਲਾਇਆ ਜਾਂਦਾ ਹੈ। ਇਸਦੇ ਵਾਸਤੇ ਕੁਲਦੀਪ ਨਈਅਰ ਦੀ ਲਿਖੀ ਇਕ ਡਾਇਰੀ ਵੇਖੋ, ਜਿਸ ਵਿਚ ਲਿਖਿਆ ਹੈ ਕਿ ਉਸਨੂੰ ਹੈਰਾਨੀ ਹੈ ਕਿ ਸਰਕਾਰ ਪੰਜਾਬ ਦੇ ਉਗਰਵਾਦੀਆਂ ਦੇ ਪ੍ਰਤੀ ਇਤਨੀ ਫ਼ਿਕਰਮੰਦ ਨਹੀਂ ਹੈ, ਜਿਤਨੀ ਕਿ ਨਕਸਲਵਾਦੀਆਂ ਦੇ ਪ੍ਰਤੀ।

ਨਿਰੰਕੁਸ਼ ਸ਼ਾਸਕ ਵਰਗ ਦੇ ਹੱਥਾਂ ਵਿਚ ਰਾਜ ਸੱਤਾ ਅਤੇ ਅਰਥ ਵਿਵਸਥਾ ਕੇਂਦ੍ਰਿਤ ਹੋ ਜਾਣ ਦੇ ਖਿਲਾਫ਼ ਪੰਜਾਬ ਵਾਂਗ ਹੀ, ਉਤਰ-ਪੂਰਬੀ ਭਾਰਤ ਦੀਆਂ ਕੌਮਾਂ ਵੀ ਸੰਘਰਸ਼ ਕਰ ਰਹੀਆਂ ਹਨ ਅਤੇ ਉਨ੍ਹਾਂ ਵਿਚ ਹੀ ਜਨ-ਮੁਕਤੀ ਸੈਨਾ ਦੇ ਝੰਡੇ ਹੇਠ ਮਨੀਪੁਰ ਦੀ ਜਨਤਾ ਦਾ ਮਹਾਨ ਮੁਕਤੀ ਅਭਿਆਨ ਵੀ ਚੱਲ ਰਿਹਾ ਹੈ। ਹੁਣ ਤੁਸੀਂ ਆਪਣੇ ਮੋਰਚੇ ਨੂੰ ਜਿੰਨਾਂ ਵੀ ਮਹਾਨ ਦੱਸੋ, ਪਰ ਉਹ ਮਨੀਪੁਰ ਦੇ ਮੁਕਤੀ ਸੰਗ੍ਰਾਮ ਦੇ ਸਾਹਮਣੇ ਇਕ ਅਦਣੀ ਜਿਹੀ ਕੋਸ਼ਿਸ਼ ਕਹੀ ਜਾਵੇਗੀ। ਅਸੀਂ ਤੁਹਾਡੀ

ਬਹਾਦਰੀ, ਦੇਸ਼ ਭਗਤੀ ਅਤੇ ਕੁਰਬਾਨੀਆਂ ਦੇਣ ਦੀ ਹਿੰਮਤ ਤੇ ਸ਼ੱਕ ਨਹੀਂ ਕਰਦੇ, ਤੁਹਾਡੀ ਕੇਸਰੀ ਪੱਗ ਦੇ ਜਜ਼ਬਾਤਾਂ ਦੀ ਵੀ ਅਸੀਂ ਕਦਰ ਕਰਦੇ ਹਾਂ। ਪਰ, ਇਹ ਮੰਨਣਾ ਗਲਤ ਹੈ ਕਿ ਇਹ ਗੁਣ ਸਿਰਫ ਸਿੱਖਾਂ ਵਿਚ ਹੀ ਹਨ ਅਤੇ ਅੰਗਰੇਜ਼ਾਂ ਦੇ ਖਿਲਾਫ਼ ਸਿਰਫ਼ ਸਿੱਖਾਂ ਨੇ ਹੀ ਮੋਰਚਾ ਲਿਆ, ਕਿਉਂਕਿ ਉਸ ਵੇਲੇ ਪੰਜਾਬ ਵਿਚ ਸਿਰਫ ਸਿੱਖ ਹੀ ਸਨ। ਇਹ ਗਲਤ ਹੈ। ਅੰਗਰੇਜ਼ਾਂ ਦੀ ਹਕੂਮਤ ਵੇਲੇ ਦਾ ਪੰਜਾਬ ਉਹ ਨਹੀਂ ਸੀ, ਜੋ ਅੱਜ ਦਾ ਪੰਜਾਬ ਹੈ ਅਤੇ ਉਸ ਵੇਲੇ ਸਿੱਖ ਪੰਜਾਬ ਵਿਚ ਘੱਟ ਗਿਣਤੀ ਸਨ। ਕਰਮ ਬਰਸਟ ਨੇ ਆਪਣੇ ਲੇਖ ਵਿਚ ਸਾਫ਼ ਕਿਹਾ ਹੈ ਕਿ ਸਮੇਂ ਦੀ ਮੰਗ ਦੇ ਮੁਤਾਬਕ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂਆਂ ਦੀ ਪੁਰਾਣੀ ਨਿਰਜੀਵ ਅਤੇ ਖੋਖਲੀਆਂ ਮਾਨਤਾਵਾਂ ਵਿਚ ਨਵਾਂ ਜੀਵਨ ਪਾਇਆ ਅਤੇ ਉਹਨਾਂ ਨੂੰ ਹੋਰ ਵੀ ਅੱਗੇ ਵਧਾਇਆ। ਇਸਦੇ ਬਾਵਜੂਦ ਤੁਸੀਂ ਉਨ੍ਹਾਂ ਉਪਰ ਅਰੋਪ ਲਗਾਇਆ ਹੈ ਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਕਲਪਾਂ ਦਾ ਸਹੀ ਵਿਸ਼ਲੇਸ਼ਣ ਨਹੀਂ ਕੀਤਾ। ਤੁਸੀਂ ਕਮਿਊਨਿਸਟ ਕ੍ਰਾਂਤੀਕਾਰੀਆਂ ਨੂੰ ਮੂੱਖੀ ਅਤੇ ਮੱਛਰ ਮੰਨਦੇ ਹੋ, ਪਰ ਜਦ ਕਿ ਇੰਡੀਅਨ ਪੀਪਲਜ਼ ਫਰੰਟ (ਆਈ.ਪੀ.ਐਫ.) ਉਨ੍ਹਾਂ ਦੀ ਮਹਾਨ ਕ੍ਰਾਂਤੀਕਾਰੀ ਅਤੇ ਗੌਰਵਸ਼ਾਲੀ ਪਰੰਪਰਾਵਾਂ ਦਾ ਮੂਲਅੰਕਣ ਕਰਨ ਦੇ ਬਾਅਦ ਹੀ ਉਨ੍ਹਾਂ ਨੂੰ ਅਪੀਲ ਕਰਦਾ ਹੈ ਕਿ ਉਹ ਮੋਰਚੇ ਵਿਚ ਸ਼ਾਮਲ ਹੋਣ। ਫਰੰਟ ਦੇਸ਼ ਦੀਆਂ ਸਾਰੀਆਂ ਜਮਹੂਰੀਅਤਪਸੰਦ ਅਤੇ ਦੇਸ਼ ਭਗਤ ਤਾਕਤਾਂ ਨੂੰ ਅਪੀਲ ਕਰਦਾ ਹੈ ਕਿ ਉਹ ਰੋਟੀ, ਜਨਵਾਦ ਅਤੇ ਅਜ਼ਾਦੀ ਲਈ ਰਾਸ਼ਟਰੀ ਪੱਧਰ ਦੇ ਇਕ ਵੱਡੇ ਮੋਰਚੇ ਵਿਚ ਇਕ ਜੁੱਟ ਹੋਣ। ਤਾਂ ਹੀ ਨਿਰੰਕੁਸ਼ ਤਾਕਤਾਂ ਦਾ ਖਾਤਮਾ ਅਤੇ ਉਨ੍ਹਾਂ ਦੀ ਹਤਿਆਰੀ ਵਿਵਸਥਾ ਨੂੰ ਗ਼ਰਕ ਕੀਤਾ ਜਾ ਸਕਦਾ ਹੈ।

ਆਖਿਰ, ਕੀ ਵਜਹ ਸੀ ਕਿ ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਸਿਰਫ਼ ਸਿਖਾਂ ਦੀ ਹੀ ਪਿਟਾਈ ਕੀਤੀ ਗਈ। ਜਦ ਕਿ ਹਰ ਸੰਪ੍ਰਦਾਇ ਵਿਚ ਇੰਦਰਾ ਗਾਂਧੀ ਦੇ ਵਿਰੋਧੀ ਹਨ, ਜਿਨਾਂ ਵਿਚ ਹਿੰਦੂਆਂ ਦੀ ਵੀ ਅੱਛੀ-ਖਾਸੀ ਗਿਣਤੀ ਹੈ। ਇਸ ਲਈ, ਕਿਉਂਕਿ ਉਹ ਇੰਦਰਾ ਗਾਂਧੀ ਦੇ ਰਾਜਨੀਤਕ ਵਿਰੋਧੀ ਸੀ, ਜਦ ਕਿ ਤੁਸੀਂ ਲੋਗ ਧਰਮ, ਜਾਤ, ਅਤੇ ਸੰਪ੍ਰਦਾਇ ਦੇ ਆਧਾਰ ਤੇ ਉਸਦਾ ਵਿਰੋਧ ਕਰਦੇ ਰਹੇ। ਆਪਨੇ ਕਿਹਾ ਕਿ ਭਿੰਡਰਾਂਵਾਲੇ ਕੁਝ ਹੀ ਸਮੇਂ ਵਿਚ ਉਭਰ ਕੇ ਆਏ। ਬੜੇ ਘੱਟ ਸਮੇਂ ਵਿਚ ਉਭਰ ਕੇ ਆਏ ਲੋਕਾਂ ਦੀ ਇਕ ਲੰਬੀ ਫ਼ਹਿਰਿਸੱਤ ਹੈ, ਜਿਸ ਵਿਚ ਫੂਲਨ ਦੇਵੀ ਸੰਜੇ ਗਾਂਧੀ, ਸੰਤਾ ਸਿੰਘ, ਰਾਜੀਵ ਗਾਂਧੀ ਵਗੈਰਾ-ਵਗੈਰਾ ਲੋਕ ਆਂਦੇ ਹਨ ਤੁਸੀਂ ਆਖਿਆ ਹੈ ਕਿ ਪੰਜਾਬ ਦੀਆਂ ਆਤੰਕਵਾਦੀ ਕਾਰਵਾਈਆਂ ਵਿਚ ਭਿੰਡਰਾਂਵਾਲੇ ਦਾ ਹੱਥ ਨਹੀਂ ਹੈ, ਜਿਸਦੀ ਸੀ. ਬੀ. ਆਈ ਦੁਆਰਾ ਜਾਂਚ ਹੋਣੀ ਚਾਹੀਦੀ ਹੈ। ਤੁਹਾਡੇ ਮੁਤਾਬਿਕ ਇਹ ਸਭ ਸਰਕਾਰ ਦੇ ਫ਼ਾਲਤੂ ਗੁੰਡਿਆਂ ਦਾ ਹੀ ਕੰਮ ਹੋ ਸਕਦਾ ਹੈ। ਇਸ ਲਈ ਤੁਸੀਂ ਸਾਥੀ ਗੁਰਸ਼ਰਨ ਸਿੰਘ ਨੂੰ ਜੋ ਧਮਕੀ ਦਿੱਤੀ ਹੈ, ਉਸ ਵਿਚ ਵੀ ਦੇਸ਼ ਦੇ ਸਾਰੇ ਲੋਕ-ਪੱਖੀ ਅਤੇ ਕ੍ਰਾਂਤੀਕਾਰੀ ਲੋਕ ਸਰਕਾਰ ਦਾ ਹੀ ਹੱਥ ਮੰਨਣਗੇ। ਸਭ ਜਾਣਦੇ ਹਨ ਭਰਾ ਜੀ ਵਰਗੇ ਬੰਦੇ ਦਾ ਦੁਸ਼ਮਨ ਸਿਰਫ਼ ਸ਼ਾਸਕ ਵਰਗ ਅਤੇ ਉਸਦੀ ਸਰਕਾਰ ਹੀ ਹੋ ਸਕਦੀ ਹੈ। ਓਸ ਵੇਲੇ ਤੁਹਾਨੂੰ ਕਿਹੋ ਜਿਹਾ ਲਗੇਗਾ, ਜਦ ਲੋਕੀ ਇਹ ਮੰਨਣਗੇ ਕਿ ਭਰਾ ਜੀ ਹੋਰਾਂ ਨਾਲ ਵਾਪਰੀ ਕਿਸੇ ਵੀ ਭੈੜੀ ਘਟਨਾ ਵਿਖੇ ਤੁਹਾਡੇ ਵਰਗੇ ਕ੍ਰਾਂਤੀਕਾਰੀ? ਲੋਕਾਂ ਦਾ ਹੱਥ ਨਹੀਂ, ਬਲਕਿ ਸਰਦਾਰ ਦੇ ਪਾਲਤੂ ਗੁੰਡਿਆਂ ਦਾ ਹੱਥ ਸੀ। ਜੇ ਤੁਸੀਂ ਐਸੀ ਕਿਸੇ ਘਟਨਾ ਦੀ ਜ਼ਿਮੇਂਵਾਰੀ ਆਪਣੀ ਉਪਰ ਲੇਣ ਦਾ ਐਲਾਨ ਵੀ ਕਰ ਦੇਵੋਗੇ, ਤਾਂ ਵੀ ਲੋਕ ਤੁਹਾਡੇ ਤੇ ਯਕੀਨ ਨਹੀਂ ਕਰ੍ਹਨਗੇ।

ਤੁਸੀਂ ਭਰਾ ਜੀ ਉਪਰ ਫੰਡ ਖਾਣ ਦਾ ਇਲਜ਼ਾਮ ਲਗਾਇਆ ਹੈ। ਜੇ ਓਨ੍ਹਾਂ ਫੰਡ ਹੀ ਖਾਣੇ ਹੁੰਦੇ, ਤਾਂ ਉਹ ਜਾਂ ਭਿੰਡਰਾਂਵਾਲੇ ਦੇ ਸਮਰਥਕ ਹੁੰਦੇ, ਜਾਂ ਇੰਦਰਾ ਗਾਂਧੀ ਦੇ। ਸ਼ਾਸਕ-ਵਰਗਾਂ ਦੇ ਹਿਤਾਂ ਦੀ ਸੇਵਾ ਕਰਕੇ ਉਹ ਬੜੇ ਅਰਾਮ ਨਾਲ ਸਾਰੇ, ਐਸ਼-ਅਰਾਮ ਅਤੇ ਸੁਖ-ਸੁਵਿਧਾਵਾਂ ਹਾਸਲ ਕਰ ਸਕਦੇ ਸਨ। ਤੁਸੀਂ ਆਪਣੇ ਖਤ ਵਿਚ ਕਿਹਾ ਹੈ ਕਿ ਪੰਜਾਬ ਵਿਚ ਕਮਯੂਨਿਸਟ ਇਨਕਲਾਬੀਆਂ ਦੀ ਲਹਿਰ ਖਤਮ ਹੋ ਚੁੱਕੀ ਹੈ। ਇਹ ਸਹੀ ਗੱਲ ਹੈ, ਅਤੇ ਅਸੀਂ ਇਹ ਸਵੀਕਾਰ ਕਰਦੇ ਹਾਂ, ਕਿ ਕੁਝ ਝਟਕਾਵਾਂ ਦੇ ਚਲਦੇ ਇਹ ਲਹਿਰ ਖੇਰੂ-ਖੇਰੂ ਹੋ ਗਈ। ਪਰੰਤੂ ਇਹ ਵੀ ਸਹੀ ਹੈ ਕਿ ਭਿੰਡਰਾਂਵਾਲੇ ਵਰਗੀਆਂ ਤਾਕਤਾ ਨੂੰ ਵੀ ਤਾਂ ਹੀ ਉਭਰਨ ਦਾ ਮੌਕਾ ਵੀ ਮਿਲਿਆ, ਜੇ ਕਮਯੂਨਿਸਟ ਇਨਕਲਾਬੀਆਂ ਦੀ ਉਹ ਲਹਿਰਖ ਤਮ ਨਾ ਹੁਈ ਹੋਂਦੀ, ਤਾਂ ਭਿੰਡਰਾਂਵਾਲੇ ਵਰਗੇ ਲੋਕ ਪਨਪ ਨਹੀਂ ਸਨ ਸਕਦੇ। ਅਤੇਂ ਸਿਖ ਨੌਜਵਾਨ ਵੀ ਭਿੰਡਰਾਂਵਾਲੇ ਦੇ ਪਿੱਛੇ ਜਾਣ ਦੀ ਥਾਂ ਉਸੇ ਲਹਿਰ ਵਿਚ ਸ਼ਾਮਲ ਹੋਂਦੇ। ਤਾਂ, ਸ਼ਾਸ਼ਕ ਵਰਗ ਨਾ ਤੇ ਆਪਣੀਆਂ ਚਾਲਾਂ ਵਿਚ ਕਾਮਯਾਬ ਹੁੰਦਾ, ਅਤੇ ਨਾ ਹੀ ਪੰਜਾਬ ਤੇ ਸਿਖਾਂ ਦੀ ਇਹ ਦੁਰਗਤ ਹੁੰਦੀ। ਤੁਹਾਡਾ ਇਹ ਕਹਿਣਾ ਗਲਤ ਹੈ ਕਿ ਕਮਯੂਨਿਸਟ ਇਨਕਲਾਬੀ ਨੇਤਾ ਆਪਣੇ ਆਪ ਨੂੰ ਬਚਾਣ ਦੀ ਕੋਸ਼ਸ਼ ਕਰਦੇ ਹਨ। ਹਾਂ, ਉਹ ਗੈਰ ਜ਼ਰੂਰੀ ਸ਼ਹਾਦਤ ਤੋਂ ਜ਼ਰੂਰ ਬਚਦੇ ਹਨ। ਪਰ, ਲੋੜ ਪੈਣ ਤੇ ਉਹ ਪਿੱਛੇ ਨਹੀਂ ਹਟਦੇ। ਭਗਤ ਸਿੰਘ ਤੋਂ ਲੈ ਕੇ ਝੂਮਈਆ ਅਤੇ ਕਿਸ਼ਟਾ-ਗੌੜ ਵਰਗੇ ਸ਼ਹੀਦ ਇਸ ਸ਼੍ਰੇਣੀ ਵਿਚ ਆਂਦੇ ਹਨ। ਅਸੀਂ ਕਿਸੇ ਚੀਜ਼ ਦਾ ਮੁਖ ਕਾਰਣ ਉਸ ਚੀਜ਼ ਦੇ ਅੰਦਰ

ਹੀ ਮੰਨਦੇ ਹਾਂ। ਇਸ ਲਈ ਅਸੀਂ ਦੇਸ਼ ਦੀ ਜਾਂ ਪੰਜਾਬ ਦੀ ਦੁਰਗਤ ਲਈ ਸਰਕਾਰ ਨੂੰ ਹੀ ਦੋਸ਼ੀ ਮੰਨਦੇ ਹਾਂ, ਨਾ ਕਿ ਰੂਸ ਜਾ ਅਮੇਰਿਕਾ ਨੂੰ । ਹਾਲਾਂਕਿ ਉਹ ਵੀ ਇਸਦੇ ਕਾਰਣ ਹਨ, ਮਗਰ ਮੁੱਖ ਕਾਰਣ ਨਹੀਂ । ਇਸ ਲਈ ਅਸੀਂ ਇਹ ਵੀ ਮੰਨਦੇ ਹਾਂ ਕਿ ਪੰਜਾਬ ਦੇ ਅੰਦੋਲਨਕਾਰੀ ਸੀ.ਆਈ.ਏ. ਜਾਂ ਕੇ.ਜੀ.ਬੀ. ਦੇ ਹੱਥਾਂ ਵਿਚ ਨਹੀਂ ਖੇਡ ਰਹੇ । ਇਸ ਵਿਚ ਕੋਈ ਦੋ ਰਾਇ ਨਹੀਂ ਕਿ ਇੰਦਰਾ ਗਾਂਧੀ ਦੀ ਹਤਿਆ ਦੇ ਪਿੱਛੇ ਧਾਰਮਕ ਉਨਮਾਦੀਆਂ ਦਾ ਹੱਥ ਸੀ, ਨਾ ਕਿ ਰੂਸ ਜਾਂ ਅਮਰੀਕਾ ਦਾ। ਬਾਕੀ ਗੱਲਾਂ ਦਾ ਜਵਾਬ ਭਰਾ ਹੋਰੀਂ ਦੇ ਹੀ ਚੁੱਕੇ ਹਨ । ਤੁਹਾਡੇ ਕਰੂਧ ਅਰੋਪ ਤੇ ਇਹੋ ਜਹੇ ਵੀ ਨਹੀਂ, ਜਿਨ੍ਹਾਂ ਬਾਰੇ ਸੰਜੀਦਗੀ ਦੇ ਨਾਲ ਕੁਝ ਸੋਚਿਆ ਜਾ ਸਕੇ । ਅਖੀਰ ਅਸੀਂ ਬੜੀ ਨਿਮਰਤਾ ਨਾਲ ਬੇਨਤੀ ਕਰਾਂਗੇ ਕਿ ਭਾਵੇਂ ਤੁਸੀਂ ਕਮਿਊਨਿਸਟ ਇਨਕਲਾਬੀਆਂ ਨੂੰ ਕ੍ਰਾਂਤੀਕਾਰੀ ਮੰਨੋ ਜਾਂ ਮੰਨੋ, ਪਰ ਇਕ ਵਾਰੀ ਗੰਭੀਰ ਹੋ ਕੇ ਪੰਜਾਬ ਦੀ ਗੰਭੀਰ ਹਾਲਤ ਬਾਰੇ ਜ਼ਰੂਰ ਸੋਚੋ । ਪੰਜਾਬ ਸਮੱਸਿਆ ਦੀਆਂ ਗੁੰਝਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ । ਦੋਸ਼ੀ ਸਿੱਖ ਨਹੀਂ, ਸਿੱਖਾਂ ਦੇ ਆਗੂ ਹਨ । ਦੋਸ਼ੀ ਹਿੰਦੂ ਨਹੀਂ, ਉਨ੍ਹਾਂ ਦੇ ਆਗੂ ਹਨ । ਠੀਕ ਉਸੇ ਤਰ੍ਹਾਂ, ਜਿਸ ਤਰ੍ਹਾਂ ਦੇਸ਼ ਦੇ ਪਤਨ ਲਈ ਜਨਤਾ ਨਹੀਂ, ਬਲਕਿ ਸ਼ਾਸਕ ਵਰਗ ਤੇ ਉਸਦੀ ਸਰਕਾਰ ਹੈ। ਇੰਦਰਾ ਗਾਂਧੀ ਜਾਂ ਰਾਜਸਥਾਨ ਦਾ ਮੁੱਖ ਮੰਤ੍ਰੀ ਜੇ ਫ਼ਿਰਕੂ ਜ਼ਬਾਨ ਵਿਚ ਬੋਲਦਾ ਹੈ ਤਾਂ ਇਸ ਲਈ ਤੁਸੀਂ ਵੀ ਉਹੀਓ ਜ਼ਬਾਨ ਬੋਲੋ । ਉਨ੍ਹਾਂ ਦੀ ਇਸ ਚਾਲਾਕੀ ਨੂੰ ਸਮਝਣ ਦੀ ਕੋਸ਼ਿਸ਼ ਕਰੋ । ਇਸ ਲਈ ਤੁਸੀਂ ਇਹ ਨਹੀਂ ਆਖ ਸਕਦੇ ਕਿ ਇਕ ਸਿੱਖ ਦੇ ਹਿੱਸੇ ਕੁਲ ਪੈਂਤੀ ਹਿੰਦੂ ਹੀ ਆਉਂਦੇ ਹਨ। ਅਸੀਂ ਇਹ ਨਹੀਂ ਕਹਿੰਦੇ ਕਿ ਤੁਸੀਂ ਆਪਣਾ ਸੰਘਰਸ਼ ਬੰਦ ਕਰ ਦਿਓ। ਅਸੀਂ ਇਹ ਵੀ ਨਹੀਂ ਕਹਿੰਦੇ ਕਿ ਸ਼ਸ਼ਤਰ ਚੁੱਕਣਾ ਗਲਤ ਹੈ। ਅਸੀਂ ਇਹ ਵੀ ਨਹੀਂ ਕਹਿੰਦੇ ਕਿ ਤੁਸੀਂ ਸਾਡੀਆਂ ਸਾਰੀਆਂ ਗੱਲਾਂ ਮੰਨ ਹੀ ਲਵੋ। ਪਰ, ਏਨਾਂ ਜ਼ਰੂਰ ਕਹਾਂਗੇ ਕਿ ਇਹਨਾਂ ਗੱਲਾਂ ਉਤੇ ਇਕ ਵਾਰ ਸੰਜੀਦਗੀ ਨਾਲ ਸੋਚੋ ਅਤੇ ਆਪਣੀ ਤਾਕਤ ਨੂੰ ਐਵੇਂ ਹੀ ਜ਼ਾਇਆ ਨਾ ਕਰੋ ਬਲਕਿ ਸਹੀ ਨਿਸ਼ਾਨਾ ਬੰਨ੍ਹ ਕੇ ਤਾਕਤ ਦੀ ਵਰਤੋਂ ਕਰੋ । ਆਪਣੇ ਸੰਘਰਸ਼ ਨੂੰ ਭਗਤ ਸਿੰਘ ਦੀ ਇਨਕਲਾਬੀ ਰੌਸ਼ਨੀ ਵਿਚ ਅੱਗੇ ਵਧਾਓ। ਆਤੰਕਵਾਦ, ਖਾਲਿਸਤਾਨਵਾਦ ਅਤੇ ਧਾਰਮਕ ਜਨੂੰਨ ਵਿਚ ਸਿੱਖਾਂ ਦੀ ਮੁਕਤੀ ਨਹੀਂ। ਉਨ੍ਹਾਂ ਦੀ ਸ਼ਕਤੀ ਸੱਚੇ ਇਨਕਲਾਬ ਵਿਚ ਹੀ ਹੈ, ਜਿਸਦੀ ਅਗਵਾਈ ਐਸ ਵਕਤ ਦੇਸ਼ ਵਿਚ ਕਮਿਊਨਿਸਟ ਇਨ-ਕਲਾਬੀ ਹੀ ਕਰ ਰਹੇ ਹਨ। ਤਮਾਮ ਧੱਕਿਆਂ, ਨੁਕਸਾਨਾਂ, ਗ਼ਲਤੀਆਂ ਅਤੇ ਕਰੂਰ ਤਸੀਹਾਂ ਨੂੰ ਝੇਲਣ ਦੇ ਬਾਵਜੂਦ ਉਹਨਾਂ ਅਖਾੜਿਆਂ ਵਿਚ ਉਨ੍ਹਾਂ ਦਾ ਟਿਕਿਆ ਰਹਿਣਾ ਅਤੇ ਲਗਾਤਾਰ ਅੱਗੇ ਵੱਧਦੇ ਰਹਿਣਾ ਦਿੱਸਦਾ ਸਬੂਤ ਹੈ। ਜਦਕਿ ਭਿੰਡਰਾਂਵਾਲੇ ਦੀ ਲਹਿਰ ਇਕ ਹੀ ਝਟਕੇ ਵਿਚ ਸਦਮੇ ਦੀ ਹਾਲਤ ਵਿਚ ਪੁੱਜ ਗਈ ਸੀ। ਤਾਂ ਅੱਗੇ ਵੀ ਜਿਸ ਦਾ ਅੰਤ ਦੇਸ਼ ਜਾਂ ਪੰਜਾਬ ਦੀ ਜਨਤਾ ਦੇ ਹਿਤ ਵਿਚ ਕਿਸੇ ਵੀ ਪੱਖੋਂ ਨਹੀਂ ਹੈ।

—ਸੁਪਰਿਯ ਲਖਨਪਾਲ, ਆਤਮਜੀਤ,
ਭੁਪਿੰਦਰ ਸਿੰਘ ਭਾਈਖੇਲ
ਲਖਨਊ (ਯੂ.ਪੀ.)

---

**ਵਿਚਾਰ ਚਰਚਾ**

## ਫ਼ਿਰਕੂ ਕਤਲ,ਰਾਜਵਿਵਸਥਾ ਅਤੇ ਲੋਕ-ਚੇਤਨਾ

**ਕਰਮ ਬਰੱਸਟ**

ਦਿੱਲੀ ਅਤੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਹੋਏ ਬੰਬ ਧਮਾਕਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਰਾਜ ਮਸ਼ੀਨਰੀ ਬੁਰੀ ਤਰ੍ਹਾਂ ਫੇਲ ਹੋ ਚੁੱਕੀ ਹੈ ਜਾਂ ਜਾਣ ਬੁੱਝਕੇ ਮਸਲੇ ਨੂੰ ਠੀਕ ਢੰਗ ਨਾਲ ਹੱਲ ਹੀ ਨਹੀਂ ਕਰਨਾ ਚਾਹੁੰਦੀ। ਬੰਬ ਧਮਾਕੇ ਹੋਣ ਤੋਂ ਪੰਜ ਦਿਨ ਪਹਿਲਾਂ ਹੀ ਇਕ ਪੱਤਰਕਾਰ ਵਲੋਂ ਪ੍ਰਧਾਨ ਮੰਤਰੀ ਰਾਜੀਵ ਨੂੰ ਇਸ ਬਾਰੇ ਖ਼ਬਰਦਾਰ ਕਰ ਦਿੱਤਾ ਗਿਆ ਸੀ, ਪਰ ਫੇਰ ਵੀ ਸਰਕਾਰ ਉਪਰ ਕੋਈ ਅਸਰ ਨਹੀਂ ਹੋਇਆ। ਸਪਸ਼ਟ ਹੈ, ਕਿ ਲੋਕ-ਦੋਖੀ ਸਰਕਾਰ ਨੂੰ ਲੋਕਾਂ ਦਾ ਘਾਣ ਕਰਨ ਅਤੇ ਅਤੇ ਘਾਣ ਹੁੰਦਾ ਦੇਖਣ ਦਾ ਭੁੱਸ ਪੈ ਚੁੱਕਿਆ ਹੈ।

ਹਾਲ ਵਿਚ ਹੀ ਹੋਏ ਬੰਬ ਧਮਾਕਿਆਂ ਨੇ ਦਹਿਸ਼ਤ-ਪਸੰਦਾਂ ਦੇ ਅਸਲ ਮੰਤਵਾਂ ਨੂੰ ਨੰਗਾ ਕਰ ਦਿੱਤਾ ਹੈ, ਕਿ ਉਹ ਹਰ ਹਾਲਤ ਵਿਚ ਦੇਸ਼ ਦੇ ਮਹੌਲ ਨੂੰ ਵਿਗਾੜ ਕੇ ਰੱਖਣਾ ਚਾਹੁੰਦੇ ਹਨ, ਤਾਂ ਜੋ ਕਿਸੇ ਤਰਾਂ ਵੀ ਪੰਜਾਬ ਦਾ ਮਸਲਾ ਹੱਲ ਨਾ ਹੋਵੇ। ਹੁਣ ਤੱਕ ਜੋ ਵੀ ਕਤਲ ਹੁੰਦੇ ਰਹੇ ਹਨ, ਉਹ ਕਿਸੇ ਖ਼ਾਸ ਫ਼ਿਰਕੇ ਦੇ ਲੋਕਾਂ ਦੇ ਹੀ ਹੁੰਦੇ ਰਹੇ ਹਨ। ਸਿੱਖ ਫਿਰਕੂ ਦਹਿਸ਼ਤਪਸੰਦਾਂ ਨੇ ਹਿੰਦੂਆਂ ਦੇ ਕਤਲ ਕੀਤੇ ਹਨ ਅਤੇ ਹਿੰਦੂ ਫਿਰਕਾਪ੍ਰਸਤਾਂ ਨੇ ਸਿੱਖਾਂ ਦੇ। ਪਰ ਇਸ ਵਾਰ ਅਤਿਵਾਦੀਆਂ ਨੇ ਕਿਸੇ ਵੀ ਫ਼ਿਰਕੇ ਉਪਰ ਵਾਰ ਕਰਨ ਦੀ ਬਜਾਏ ਸਮੁੱਚੀ ਮਨੁੱਖਤਾ ਉਪਰ ਵਾਰ ਕੀਤਾ ਹੈ। ਬੰਬਾਂ ਨੇ ਕਿਸੇ ਵੀ ਧਰਮ, ਜ਼ਾਤ ਜਾਂ ਨਸਲ ਦੇ ਲੋਕਾਂ ਨੂੰ ਨਹੀਂ ਬਖਸ਼ਿਆ। ਸ਼ਾਇਦ ਭਾਰਤੀ ਰਾਜ ਦੀ "ਧਰਮ ਨਿਰਪੱਖਤਾ" ਦੀ ਪਾਣ ਅਤਿਵਾਦੀਆਂ ਨੂੰ ਵੀ ਚੜ੍ਹ ਗਈ ਹੈ।

ਹੁਣ ਤੱਕ ਦੀਆਂ ਵਾਪਰੀਆਂ ਘਟਨਾਵਾਂ ਦਾ ਹਾਂਦਰੂ ਪਹਿਲੂ ਇਹ ਰਿਹਾ ਹੈ, ਕਿ ਇੰਨੀਆਂ ਫਿਰਕੂ ਕਾਰਵਾਈਆਂ ਅਤੇ ਭੜਕਾਹਟਾਂ ਦੇ ਬਾਵਜੂਦ ਕਿਤੇ ਵੀ ਫਿਰਕੂ ਦੰਗੇ ਨਹੀਂ ਹੋਏ। ਜਿੱਥੇ ਵੀ ਕੁੱਝ ਹੋਇਆ ਹੈ, ਫ਼ਿਰਕੂ ਕਤਲ

ਹੋਏ ਹਨ। ਫ਼ਿਰਕੂ ਦੰਗਿਆਂ ਅਤੇ ਫਿਰਕੂ ਕਤਲਾਂ ਵਿਚ ਅੰਤਰ ਹੁੰਦਾ ਹੈ। ਫਿਰਕੂ ਦੰਗਿਆਂ ਵਿਚ ਸਬੰਧਤ ਫਿਰਕਿਆਂ ਵਿਚ ਇਕ ਦੂਜੇ ਪ੍ਰਤੀ ਘਿਰਣਾ ਸਿਖ਼ਰ 'ਤੇ ਹੁੰਦੀ ਹੈ। ਦੰਗਿਆਂ ਦੌਰਾਨ ਉਹ ਬਰਾਬਰ ਦੀ ਟੱਕਰ ਵਿਚ ਸਾਹਮਣੇ ਆਉਂਦੇ ਹਨ ਅਤੇ ਇਕ ਦੂਜੇ ਨਾਲ ਉਲਝਦੇ ਹਨ। ਇਸ ਦੌਰਾਨ ਸਬੰਧਤ ਧਿਰਾਂ ਦਾ ਘੱਟ ਜਾਂ ਵੱਧ ਰੂਪ ਵਿਚ, ਸਾਰਿਆਂ ਦਾ ਹੀ ਨੁਕਸਾਨ ਹੁੰਦਾ ਹੈ। ਇਹ ਦੰਗੇ ਆਪ ਮੁਹਾਰੇ, ਗੈਰ-ਜਥੇਬੰਦ ਅਤੇ ਗੈਰ-ਯੋਜਨਾਬੱਧ ਹੁੰਦੇ ਹਨ। ਇਸ ਤੋਂ ਉਲਟ ਫਿਰਕੂ ਕਤਲ ਪੂਰੀ ਤਰਾਂ ਸੰਗਠਿਤ ਅਤੇ ਯੋਜਨਾਬੱਧ ਢੰਗ ਨਾਲ ਕੀਤੇ ਜਾਂਦੇ ਹਨ। ਇਨ੍ਹਾਂ ਵਿਚ ਇਕ ਧਿਰ ਪੂਰੀ ਤਰ੍ਹਾਂ ਜਥੇਬੰਦ ਹੋ ਕੇ, ਦੂਜੀ ਧਿਰ ਦੇ ਨਿਹੱਥੇ ਲੋਕਾਂ ਉਪਰ ਟੁੱਟ ਪੈਂਦੀ ਹੈ ਅਤੇ ਕਤਲ ਕਰ ਦਿੰਦੀ ਹੈ। ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਵਿਚ ਜੋ ਕੁੱਝ ਵੀ ਵਾਪਰਿਆ, ਫਿਰਕੂ ਕਤਲਾਂ ਦੀ ਲੜੀ ਵਿਚ ਆਉਂਦਾ ਹੈ। ਜਿੱਥੇ ਪੁਲਸ ਅਤੇ ਪ੍ਰਬੰਧਕੀ ਮਸ਼ੀਨਰੀ ਦੀ ਮਿਲੀਭੁਗਤ ਨਾਲ ਹਿੰਦੂ ਫਿਰਕਾਪ੍ਰਸਤਾਂ ਵਲੋਂ ਲਗਾਤਾਰ ਚਾਰ ਦਿਨ ਸਿਖ ਜਨਤਾ ਦਾ ਕਤਲੇਆਮ ਕੀਤਾ ਗਿਆ।

ਦਿੱਲੀ ਕਤਲੇਆਮ ਦੀਆਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਕਾਤਲਾਂ ਵਿਚ ਕਿਸੇ ਕਿਸਮ ਦੀ ਘਿਰਣਾ, ਕਾਹਲ ਜਾਂ ਰੋਸ ਨਹੀਂ ਸੀ। ਸਗੋਂ ਉਹ ਹੱਸਦੇ ਖੇਡਦੇ ਆਉਂਦੇ, ਜਿਵੇਂ ਗੁੰਡੇ ਮਸਤੀ ਵਿਚ ਦਹਿਸ਼ਤ ਪੈਦਾ ਕਰਨ ਦਾ ਕੰਮ ਕਰਦੇ ਹਨ। ਨਾ ਹੀ ਉਨ੍ਹਾਂ ਨੂੰ ਕਿਸੇ ਕਿਸਮ ਦੀ ਕਾਹਲ ਸੀ, ਇਕ ਵਾਰ ਆਉਂਦੇ,ਵਾਪਸ ਚਲੇ ਜਾਂਦੇ, ਫੇਰ ਹੋਰ ਲੋਕ ਇਕੱਠੇ ਕਰਕੇ ਲਿਆਉਂਦੇ ਅਤੇ ਪੂਰੇ ਹੌਂਸਲੇ ਵਿਚ ਹੁੰਦੇ। ਉਨ੍ਹਾਂ ਦੇ ਚਿਹਰਿਆਂ 'ਤੇ ਭੋਰਾ ਭਰ ਵੀ ਰੋਹ, ਰੋਸ ਅਤੇ ਸ਼ੋਕ ਦੀ ਝਲਕ ਨਾ ਹੁੰਦੀ। ਇਹੀ ਕੁੱਝ ਪੰਜਾਬ ਵਿਚ ਹੁੰਦਾ ਰਿਹਾ, ਜਦੋਂ ਕਾਤਲ, ਤਸੱਲੀ ਨਾਲ ਬੱਸ ਵਿੱਚੋਂ ਉਠਦੇ ਅਤੇ ਪੂਰਵ-ਨਿਸ਼ਚਤ ਥਾਂ ਤੇ ਬੱਸ ਅਗਵਾ ਕਰਕੇ ਲੈ ਜਾਂਦੇ ਅਤੇ ਬਿਨਾਂ ਕਿਸੇ ਡਰ, ਭੈਅ ਅਤੇ ਘਿਰਣਾ ਦੇ ਮੋਨਿਆਂ (ਭਾਵੇਂ ਕਿਸੇ ਧਰਮ ਦੇ ਹੋਣ ਭਾਵੇਂ ਨਾਸਤਕ ਹੋਣ) ਨੂੰ ਕਤਲ ਕਰਕੇ ਤੁਰ ਜਾਂਦੇ।

ਪਿਛਲੇ ਸਮੇਂ ਤੋਂ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਸਿੱਖ ਦਹਿਸ਼ਤ-ਪਸੰਦ (ਖਾਲਿਸਤਾਨੀ) ਇਸ ਨੀਤੀ ਅਨੁਸਾਰ ਚੱਲ ਰਹੇ ਹਨ, ਕਿ ਕਿਸੇ ਵੀ ਹਾਲਤ ਵਿਚ ਹਿੰਦੂ-ਸਿੱਖ ਤਣਾਅ ਘਟੇ ਨਾ। ਸਗੋਂ ਇਸ ਨੂੰ ਵੱਧ ਤੋਂ ਵੱਧ ਕਿਵੇਂ ਵਿਗਾੜਿਆ ਜਾਵੇ। ਇਸੇ ਨੀਤੀ ਅਨੁਸਾਰ ਹੀ ਪੰਜਾਬ ਵਿਚੋਂ ਕਤਲਾਂ ਦੀ ਨੀਤੀ ਅਤੇ ਕਤਲ ਦੀਆਂ ਥਾਵਾਂ ਵਿਚ ਨਿਖੇੜ ਕੀਤਾ ਗਿਆ ਹੈ। ਹੁਣ ਕਤਲਾਂ ਦਾ ਨਿਸ਼ਾਨਾ ਖਾਸ ਤੌਰ 'ਤੇ ਹਿੰਦੂ ਰਾਜਸੀ ਲੀਡਰ ਹਨ, ਭਾਵੇਂ ਉਹ ਕਿਸੇ ਪਾਰਟੀ ਦੇ ਵੀ ਹੋਣ। ਇਹ ਕਤਲ ਉਨ੍ਹਾਂ ਥਾਵਾਂ 'ਤੇ ਕੀਤੇ ਗਏ ਹਨ, ਜਿੱਥੇ ਚੋਖੀ ਗਿਣਤੀ ਵਿਚ ਹਿੰਦੂ ਵਸੋਂ ਹੈ। ਦੂਜਾ ਹੁਣ ਵਿਰੋਧੀ ਪਾਰਟੀਆਂ ਦੇ ਲੀਡਰਾਂ ਦੇ ਕਤਲ ਦੀ ਚਾਲ ਹੈ,ਤਾਂ ਜੋ ਹਰ ਤਰ੍ਹਾਂ ਦੀ ਪਾਰਟੀ ਅਤੇ ਸਮੁੱਚੀ ਹਿੰਦੂ ਜਨਤਾ ਨੂੰ ਹੀ ਸਿੱਖ ਜਨਤਾ ਦੇ ਵਿਰੁੱਧ ਭੜਕਣ ਦੀ ਹਾਲਤ ਪੈਦਾ ਹੋ ਜਾਵੇ। ਇਸਦਾ ਤੀਜਾ ਮੰਤਵ ਹੈ, ਪੰਜਾਬ ਤੋਂ ਬਾਹਰਲੀ ਹਿੰਦੂ ਜਨਤਾ ਨੂੰ ਸਿੱਖ ਜਨਤਾ ਦੇ ਵਿਰੁੱਧ ਉਕਸਾਉਣਾ, ਜਿਸ ਨਾਲ ਮੁੜ ਸਿੱਖਾਂ ਉਪਰ ਹਮਲੇ ਹੋਣ ਅਤੇ ਉਹ ਪੰਜਾਬ ਆਉਣ ਲਈ ਮਜਬੂਰ ਹੋ ਜਾਣ। ਬਾਹਰਲੀ ਹਿੰਦੂ ਜਨਤਾ ਨੂੰ ਭੜਕਾ ਕੇ, ਸਿੱਖ ਜਨਤਾਂ ਦੇ ਗਲ ਪੁਆਉਣ ਨਾਲ, ਪੰਜਾਬ ਦੀ ਸਿੱਖ ਜਨਤਾ ਨੂੰ ਹਿੰਦੂ ਜਨਤਾ ਵਿਰੁੱਧ ਭੜਕਾਉਣ ਲਈ ਮਹੌਲ ਤਿਆਰ ਕੀਤਾ ਜਾ ਰਿਹਾ ਹੈ। ਦਿੱਲੀ ਦੀਆਂ ਘਟਨਾਵਾਂ ਤੋਂ ਬਾਅਦ ਪੰਜਾਬ ਵਿਚਲੀ ਸਿੱਖ ਜਨਤਾ ਨੇ ਕਿਸੇ ਵੀ ਰੂਪ ਵਿਚ ਹਿੰਦੂ ਜਨਤਾ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਇਹੀ ਗੱਲ ਹੈ ਜੋ ਸਿੱਖ ਫਿਰਕੂ ਵੱਖਵਾਦੀਆਂ ਨੂੰ ਚੁੱਭਦੀ ਹੈ, ਬਈ ਪੰਜਾਬ ਦੀ ਸਿੱਖ ਜਨਤਾ ਕਿਉਂ ਨਹੀਂ ਭੜਕਦੀ। ਇਸ ਲਈ ਅੱਜ ਉਨ੍ਹਾਂ ਦੀ ਮੁੱਖ ਯੁੱਧ-ਨੀਤੀ ਹਿੰਦੂ ਲੀਡਰਾਂ ਦੇ ਕਤਲ ਕਰਕੇ, ਹਿੰਦੂ ਜਨਤਾ ਨੂੰ ਬਦਲਾ ਲੈਣ ਲਈ ਉਕਸਾਉਣਾ ਹੈ ਤਾਂ ਜੋ ਹਿੰਦੂ-ਸਿੱਖ ਫਸਾਦ ਕਰਵਾਏ ਜਾ ਸਕਣ। ਹੁਸ਼ਿਆਰਪੁਰ ਅਤੇ ਧਾਰੀਵਾਲ ਵਿਚ ਹਿੰਦੂ ਫਿਰਕਾਪ੍ਰਸਤਾਂ ਵੱਲੋਂ ਸਿੱਖਾਂ ਉਪਰ ਹਮਲੇ ਅਤੇ ਉਨ੍ਹਾਂ ਦੀਆਂ ਦੁਕਾਨਾਂ ਦੀ ਸਾੜਫੂਕ ਕਰਨਾ, ਇਸ ਪਾਸੇ ਵੱਲ ਪਹਿਲਾ ਯਤਨ ਹੈ, ਜਿਸ ਨਾਲ ਪੰਜਾਬ ਵਿਚ ਹਿੰਦੂ-ਸਿੱਖ ਫਸਾਦ ਹੋਣ ਦੇ ਚਿੰਨ੍ਹ ਪੈਦਾ ਹੋਣੇ ਸ਼ੁਰੂ ਹੋ ਗਏ ਹਨ।

ਭਾਰਤ ਵਿਚ ਫਿਰਕਾਪ੍ਰਸਤੀ ਅਤੇ ਫਿਰਕੂ ਕਤਲ ਕੋਈ ਰੱਬੀ ਵਰਤਾਰਾ ਜਾਂ ਬਦੇਸ਼ੀ ਹੱਥ ਦੀ ਉਪਜ ਨਹੀਂ, ਸਗੋਂ ਇਥੋਂ ਦੇ ਸਿਸਟਮ ਦੀ ਦੇਣ ਹੈ। ਭਾਰਤ ਵਰਗੇ ਅਰਧ-ਜਗੀਰੂ ਅਤੇ ਅਰਧ-ਬਸਤਵਾਦੀ ਮੁਲਕ ਵਿਚ, ਜਿਹੜਾ ਨਾਲ ਹੀ ਬਹੁ-ਧਰਮੀ, ਬਹੁ-ਕੌਮੀ ਅਤੇ ਬਹੁ-ਭਾਸ਼ੀ ਮੁਲਕ ਵੀ ਹੈ, ਵਿਚ ਫਿਰਕਾਪ੍ਰਸਤੀ ਅਟੱਲ ਹੈ ਕਿਉਂਕਿ ਭਾਰਤ ਵਿਚ ਬੁਰਜੂਆ ਜਮਹੂਰੀ ਇਨਕਲਾਬ ਨਾ ਹੋਣ ਕਾਰਣ, ਇਥੇ ਹਰ ਰਸਮ, ਰਿਵਾਜ, ਸਭਿਆਚਾਰ ਵਿਚ ਜਗੀਰੂ ਕਦਰਾਂ-ਕੀਮਤਾਂ ਦੀ ਭਰਮਾਰ ਹੈ। ਦੂਜੇ ਪਾਸੇ ਭਾਰਤ ਦੀਆਂ ਘੱਟ ਗਿਣਤੀ ਕੌਮੀਅਤਾਂ ਅਤੇ ਘੱਟ ਗਿਣਤੀ ਧਰਮਾਂ ਦੀਆਂ ਸਮੱਸਿਆਵਾਂ ਹੱਲ ਨਹੀਂ ਕੀਤੀਆਂ ਗਈਆਂ। ਇਹ ਸਮੱਸਿਆਵਾਂ ਕਿਸੇ ਨਾ ਕਿਸੇ ਸ਼ਕਲ ਵਿਚ ਵਾਰ ਵਾਰ ਉਭਰਦੀਆਂ ਹਨ। ਜਾਂ ਤਾਂ ਇਨ੍ਹਾਂ ਦਾ ਕੋਈ ਹੱਲ ਨਹੀਂ ਕੀਤਾ ਗਿਆ, ਜੇ ਕੀਤਾ ਗਿਆ ਹੈ ਤਾਂ ਬਿਲਕੁਲ ਹੀ ਅਵਿਗਿਆਨਕ ਅਤੇ ਫਿਰਕੂ ਪੈਂਤੜੇ ਤੋਂ ਕੀਤਾ ਗਿਆ ਹੈ।

ਹੁਣ ਤੱਕ ਭਾਰਤੀ ਸਿਆਸਤ, ਸਭਿਆਚਾਰ ਅਤੇ ਸੰਸਕ੍ਰਿਤੀ ਵਿਚ, ਉਤਰੀ ਭਾਰਤ ਦੇ ਲੋਕ (ਹਿੰਦੂ) ਹੀ ਭਾਰੂ ਰਹੇ ਹਨ। ਉਤਰੀ ਭਾਰਤ ਦੀ ਸੰਸਕ੍ਰਿਤੀ ਅਤੇ ਸਭਿਆਚਾਰ ਨੂੰ ਹੀ ਭਾਰਤੀ ਸੰਸਕ੍ਰਿਤੀ ਅਤੇ ਸਭਿਆਚਾਰ ਵਜੋਂ ਪ੍ਰਚਾਰਿਆ, ਉਭਾਰਿਆ ਅਤੇ ਸਥਾਪਤ ਕੀਤਾ ਜਾਂਦਾ ਰਿਹਾ ਹੈ। ਭਾਰਤ ਦੇ ਦੂਜੇ ਭਾਗਾਂ ਦੇ ਲੋਕ, ਘੱਟ ਗਿਣਤੀ, ਧਰਮ, ਕੌਮੀਅਤ ਅਤੇ ਭਾਸ਼ਾ ਗਰੁੱਪ, ਆਪੋ ਆਪਣੇ ਸਭਿਆਚਾਰ, ਸੰਸਕ੍ਰਿਤੀ, ਭਾਸ਼ਾ ਅਤੇ ਨਿਵੇਕਲੀ ਦਿੱਖ ਦੀ ਉਸਾਰੀ ਕਰਨ ਤੇ ਇਸਨੂੰ ਉਭਾਰਨ ਲਈ ਯਤਨਸ਼ੀਲ ਹਨ। ਪਰ ਇਨ੍ਹਾਂ ਨੂੰ ਆਪਣੀ ਦਿੱਖ ਬਨਾਉਣ ਲਈ ਲਗਾਤਾਰ ਭਾਰਤੀ (ਹਿੰਦੂ) ਸਭਿਆਚਾਰ ਅਤੇ ਸੰਸਕ੍ਰਿਤੀ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਜਦੋਂ ਵੀ ਇਹ ਸੰਘਰਸ਼ ਵਿਕਸਤ ਹੋ ਕੇ ਸਥਾਪਤੀ ਲਈ ਚੁਣੌਤੀ ਪੇਸ਼ ਕਰਦਾ ਹੈ, ਉਸ ਵੇਲੇ ਹੀ ਦੇਸ਼ ਵਿਚ ਫਿਰਕੂ ਕਤਲਾਂ ਅਤੇ ਫਿਰਕੂ ਫਸਾਦਾਂ ਦੀ ਕਥਾ ਸ਼ੁਰੂ ਹੋ ਜਾਂਦੀ ਹੈ। ਹਿੰਦੂ ਸਿੱਖ ਤਣਾਅ ਨੂੰ ਵੀ ਇਸ ਪਰਿਪੇਖ ਵਿਚ ਰੱਖ ਕੇ ਸਮਝਣ ਦੀ ਲੋੜ ਹੈ। ਜਦੋਂ ਤੱਕ ਸਿੱਖ ਆਪਣੇ ਆਪ ਨੂੰ ਹਿੰਦੂ ਸੰਸਕ੍ਰਿਤੀ ਦਾ ਅੰਗ ਮੰਨਦੇ ਰਹੇ ਅਤੇ ਦੜ ਵੱਟ ਕੇ ਵਕਤ ਕੱਢਦੇ ਰਹੇ ਤਾਂ "ਸਭ ਅੱਛਾ" ਸੀ। ਪਰ ਜਦੋਂ ਇਨ੍ਹਾਂ ਵੱਲੋਂ ਆਪਣੇ ਆਪ ਨੂੰ ਹਿੰਦੂ ਸੰਸਕ੍ਰਿਤੀ ਨਾਲੋਂ ਵੱਖ ਕਰਨ ਅਤੇ ਆਪਣੇ ਲਈ, ਹਿੰਦੂ ਧਰਮ ਨੂੰ ਪ੍ਰਾਪਤ ਵਿਸ਼ੇਸ਼ ਸਹੂਲਤਾਂ ਵਾਂਗ, ਕੁਝ ਸਹੂਲਤਾਂ ਦੀ ਮੰਗ ਕੀਤੀ ਗਈ ਤਾਂ ਉਦੋਂ ਹੀ ਸਿੱਖ ਗੱਦਾਰ, ਪਾਕਿਸਤਾਨੀ ਏਜੰਟ ਅਤੇ ਵੱਖਵਾਦੀ ਗਰਦਾਨੇ ਗਏ। ਇਹੀ ਕੁਝ ਹੀ ਘੱਟ ਗਿਣਤੀ ਮੁਸਲਮ ਧਰਮ ਨਾਲ ਵਾਪਰਦਾ ਹੈ। ਹਿੰਦੁਸਤਾਨ ਦੇ ਹਰ ਮੁਸਲਮਾਨ ਨੂੰ ਹੀ ਪਾਕਿਸਤਾਨ ਪੱਖੀ ਸਮਝਿਆ ਜਾਂਦਾ ਹੈ।

ਉਪਰੋਕਤ ਭਾਵਨਾ ਦਾ ਝਲਕਾਰਾ ਹਰ ਹਿੰਦੂ ਲੀਡਰ ਵਿਚ ਮਿਲਦਾ ਹੈ, ਜਦੋਂ ਉਹ ਹਰ ਗੱਲ ਫਿਰਕੂ ਪੈਂਤੜੇ ਤੋਂ ਕਰਦੇ ਹਨ। ਭਾਰਤੀ ਰਾਜ ਮਸ਼ੀਨਰੀ—ਪੁਲਸ, ਫੌਜ ਅਤੇ ਪ੍ਰਬੰਧਕੀ ਸੇਵਾਵਾਂ ਵਿਚ ਫਿਰਕੂ ਜ਼ਹਿਰ ਇਸ ਹੱਦ ਤੱਕ ਵੱਧ ਚੁੱਕਿਆ ਹੈ ਕਿ ਉਹ ਹਰ ਘਟਨਾ ਵੇਲੇ ਹਿੰਦੂ, ਸਿੱਖ ਅਤੇ ਮੁਸਲਮਾਨ ਸਿਪਾਹੀਆਂ ਅਤੇ ਅਫ਼ਸਰਾਂ ਵਿਚ ਬਦਲ ਜਾਂਦੇ ਹਨ ਅਤੇ ਆਪੋ ਆਪਣੇ ਫਿਰਕੇ ਦੇ ਲੋਕਾਂ ਦੀ ਸਿੱਧੀ ਅਤੇ ਅਸਿੱਧੀ ਹਮਾਇਤ ਵਿਚ ਉਤਰ ਆਉਂਦੇ ਹਨ। ਭਾਰਤੀ ਰਾਜ ਵਿਵਸਥਾ ਘੱਟ ਗਿਣਤੀ ਦੇ ਵਿਰੋਧ ਨੂੰ ਕੁਚਲਣ ਲਈ ਇਕਦਮ ਹਰਕਤ ਵਿਚ ਆ ਜਾਂਦੀ ਹੈ, ਪਰ ਜਦੋਂ ਸ਼ਿਵ ਸੈਨਾ ਦਾ ਆਗੂ ਬਾਲ ਠਾਕਰੇ ਭਾਰਤ ਵਿਚਲੇ ਮੁਸਲਮਾਨਾਂ ਨੂੰ ਖਤਮ ਕਰਨ ਦੀ ਗੱਲ ਕਰਦਾ ਹੈ ਤਾਂ ਉਸ ਵਿਰੁੱਧ ਕੋਈ ਕਾਰ-ਵਾਈ ਨਹੀਂ। ਜੇ ਹਰਿਆਣੇ ਦਾ ਬੇਗੈਰਤ ਅਤੇ ਬੇਜ਼ਮੀਰਾ ਮੁਖ ਮੰਤਰੀ ਸਿੱਖਾਂ ਅਤੇ ਸਿੱਖ ਆਗੂਆਂ ਨੂੰ ਹਰਿਆਣੇ ਵਿਚ ਦਾਖਲ ਹੋਣ ਪਿੱਛੇ ਉਮਰ ਭਰ ਦਾ ਸਬਕ ਸਿਖਾਉਣ ਦੀ ਧਮਕੀ ਦਿੰਦਾ ਹੈ ਤਾਂ ਕੋਈ ਕਾਰਵਾਈ ਨਹੀਂ। ਦਿੱਲੀ ਵਿਚ ਸਿੱਖ ਜਨਤਾ ਦਾ ਕਤਲੇਆਮ ਕਰਾਉਣ ਵਾਲੇ ਕਾਂਗਰਸੀ ਆਗੂਆਂ ਅਤੇ ਕਾਤਲਾਂ ਵਿਰੁੱਧ ਕੋਈ ਕੇਸ, ਗ੍ਰਿਫਤਾਰੀ ਅਤੇ ਕਾਰਵਾਈ ਨਹੀਂ। ਨਾ ਸਪੈਸ਼ਲ ਅਦਾ-ਲਤਾਂ ਨਾ ਡਿਸਟਰਬਡ ਏਰੀਆ ਐਕਟ। ਪਰ ਦੂਜੇ ਪਾਸੇ ਜੇ ਇਕ ਬੰਬ ਚਲ ਜਾਵੇ ਤਾਂ ਰਾਤੋ ਰਾਤ ਪੰਦਰਾਂ ਸੌ ਸਿੱਖ ਯੁਵਕ ਗ੍ਰਿਫ਼ਤਾਰ ਕਰ ਲਏ ਗਏ, ਫੌਜ ਵੀ ਚੌਕਸ ਹੈ ਅਤੇ ਨਜਾਇਜ਼ ਹਥਿਆਰਾਂ ਲਈ ਫਟਾ-ਫਟ ਨਵਾਂ ਕਾਨੂੰਨ ਵੀ ਬਣ ਜਾਂਦਾ ਹੈ। ਇਹੀ ਸਾਰਾ ਕੁਝ ਹੈ, ਜੋ ਲਗਾਤਾਰ ਘੱਟ ਗਿਣਤੀਆਂ ਨੂੰ ਫਿਰਕੂ ਹਿੰਸਾ ਅਤੇ ਦਹਿਸ਼ਤ ਵੱਲ ਧੱਕਦਾ ਹੈ ਅਤੇ ਉਨ੍ਹਾਂ ਅੰਦਰ ਅਸੁਰੱਖਿਆ ਦੀ ਭਾਵਨਾ ਪੈਦਾ ਕਰਦਾ ਹੈ। ਇਹੀ ਚੀਜ਼ ਹੈ, ਜੋ ਸਿੱਖ ਜਨਤਾ ਨੂੰ ਸਿੱਖ ਅਤਿਵਾਦੀਆਂ ਦੀਆਂ ਕਾਰਵਾਈਆਂ ਨੂੰ ਜਾਇਜ਼ ਮੰਨਣ ਲਈ ਮਜਬੂਰ ਕਰਦੀ ਹੈ।

ਅੱਜ ਇਹ ਸਪੱਸ਼ਟ ਹੈ ਕਿ ਹਿੰਦੂ-ਸਿੱਖ ਫਿਰਕਾ-ਪ੍ਰਸਤੀ ਅਤੇ ਕਾਂਗਰਸੀ ਹਾਕਮ ਦੇਸ਼ ਵਿਚ ਅਮਨ ਨਹੀਂ ਚਾਹੁੰਦੇ। ਇਸ ਸਮੇਂ ਸਿਰਫ਼ ਇਨਕਲਾਬੀ ਅਤੇ ਜਮਹੂਰੀ ਸੋਚ ਵਾਲੇ ਲੋਕ ਬਚਦੇ ਹਨ, ਜੋ ਕਾਰਗਰ ਢੰਗ ਨਾਲ ਮਸਲੇ ਨੂੰ ਹੱਲ ਕਰਨ ਲਈ ਸਹਾਈ ਹੋ ਸਕਦੇ ਹਨ। ਪਰ ਲੱਗਦਾ ਹੈ, ਕਮਿਊਨਿਸਟ ਇਨਕਲਾਬੀਆਂ ਨੂੰ ਤਾਂ ਮਸਲੇ ਦੀ ਗੰਭੀਰਤਾ ਦਾ ਉਕਾ ਹੀ ਅਹਿਸਾਸ ਨਹੀਂ ਜਾਂ ਉਹ ਸਮਝਦੇ ਹੋਏ ਵੀ ਅੱਕੀਂ ਪਲਾਹੀਂ ਹੱਥ ਮਾਰ ਰਹੇ ਹਨ। ਇਕ ਪਾਸੇ ਹਿੰਦੁਸਤਾਨ ਵਿਚ ਫਿਰਕੂ ਫਸਾਦਾਂ ਦਾ ਬਰੂਦ ਫੱਟਣ ਲਈ ਤਿਆਰ ਹੈ, ਪਰ ਦੂਜੇ ਪਾਸੇ ਇਨਕਲਾਬੀ ਹਾਲੇ ਵੀ ਤੀਜੀ ਸੰਸਾਰ ਜੰਗ ਵਿਚ ਉਲਝੇ ਹੋਏ ਹਨ, ਇਹ ਤਹਿ ਕਰਨ ਲਈ ਕਿ ਇਹ ਹੁਣੇ ਹੀ ਲੱਗੇਗੀ ਜਾਂ ਕਦੋਂ ਕੁ ਲੱਗੇਗੀ? ਕੌਮਾਂਤਰੀ ਪਾਰਟੀ ਬਣਾਉਣਾ ਜਾਇਜ਼ ਹੈ ਜਾਂ ਕੌਮੀ ਪਾਰਟੀ ਹੀ ਬਣਾਈਏ? ਕਮਿਊਨਿਸਟਾਂ ਲਈ ਇਹ ਮਸਲੇ ਵਿਚਾਰਨੇ ਵੀ ਬਣਦੇ ਹਨ, ਪਰ ਕੀ ਸਭ ਤੋਂ ਪਹਿਲਾਂ ਇਹ ਹੀ ਜ਼ਰੂਰੀ ਨੇ, ਜਿਨ੍ਹਾਂ ਨੂੰ ਨਜਿੱਠੇ ਬਿਨਾਂ ਅੱਗੇ ਨਹੀਂ ਤੁਰਿਆ ਜਾ ਸਕਦਾ? ਕੁਝ ਇਨਕਲਾਬੀ ਪਰਚੇ ਇਕ ਦੂਜੇ ਉਪਰ ਸਿਧਾਂਤਕ ਗੋਲਾਬਾਰੀ ਵਿਚ ਰੁੱਝੇ ਹੋਏ ਹਨ ਅਤੇ ਇਕ ਪਰਚਾ, ਤਾਂ ਅਤਿਵਾਦੀਆਂ ਨੂੰ ਨੰਗਾ ਕਰਨ ਦੇ ਮਨਸ਼ੇ ਹੇਠ 'ਮਨੋਹਰ ਕਹਾਣੀਆਂ' ਅਤੇ 'ਸੱਤਿਆ ਕਹਾਣੀਆਂ' ਦੀ ਪੱਧਰ ਤਕ ਹੇਠਾਂ ਡਿਗ ਪਿਆ ਹੈ। ਅਸੀਂ ਸਨਸਨੀਖੇਜ਼ ਅਤੇ ਜਸੂਸੀ ਕਿਸਮ ਦੀਆਂ ਕਥਾਵਾਂ ਦੱਸ ਕੇ ਕੀ ਖੱਟਣਾ ਚਾਹੁੰਦੇ ਹਾਂ?

ਇਸ ਸਮੇਂ ਦੀ ਸਭ ਤੋਂ ਵੱਡੀ ਲੋੜ ਲੋਕ-ਚੇਤਨਾ ਨੂੰ ਉਭਾਰਨ ਦੀ ਹੈ। ਅਤਿਵਾਦੀਆਂ (ਨਾਂ ਲੈ ਲੈ ਕੇ) ਨੂੰ ਨੰਗਾ ਕਰਨ ਦੀ ਬਜਾਏ, ਉਹਨਾਂ ਸਮਾਜਕ ਹਾਲਤਾਂ ਨੂੰ

ਨੰਗਾ ਕਰਨਾ ਅਤੇ ਵਿਆਖਿਆ ਕਰਨੀ ਚਾਹੀਦੀ ਹੈ ਜੋ ਲਗਾਤਾਰ ਅਤਿਵਾਦੀ ਪੈਦਾ ਕਰ ਰਹੀਆਂ ਹਨ।

1947 'ਚ ਹੋਏ ਤੇ ਕੱਲ੍ਹ ਨੂੰ ਹੋਣ ਵਾਲੇ ਫਿਰਕੂ ਫਸਾਦਾਂ ਨੇ ਕਮਿਊਨਿਸਟ ਇਨਕਲਾਬੀਆਂ ਨੂੰ ਮਾਫ਼ ਨਹੀਂ ਕਰਨਾ, ਜਿਹੜੇ ਆਪਸੀ ਫੁੱਟ ਦਾ ਸ਼ਿਕਾਰ ਹੋ ਕੇ, ਕੋਈ ਅਗਵਾਈ ਦੇਣ ਤੋਂ ਅਸਮਰਥ ਹੋਏ ਬੈਠੇ ਹਨ। ਸਮੇਂ ਦੀ ਲੋੜ ਹੈ, ਲੋਕ ਚੇਤਨਾ ਨੂੰ ਵਿਕਸਤ ਕਰਦੇ ਹੋਏ, ਆਪਣਾ ਫਰਜ਼ ਪੂਰਾ ਕਰੀਏ।

---

**ਸਫਾ 28 ਤੋਂ ਅੱਗੇ ..**

ਤੋਂ ਬਿਨਾ ਹੀ ਇੰਦਰਾ ਨੂੰ ਮਾਰ ਦਿੰਦੇ ਜਾਂ ਫਿਰ ਉਹਨਾਂ ਦੇ ਹੱਥਾਂ 'ਚ ਗੁਰੂ ਗਰੰਥ ਸਾਹਿਬ ਹੁੰਦਾ ਤੇ ਉਸ ਦੀ ਕਿਸੇ ਦੇਵੀ ਸ਼ਕਤੀ ਨਾਲ ਹੀ ਇੰਦਰਾ ਨੂੰ ਮਾਰ ਦੇਂਦੇ। ਤੁਹਾਡੇ ਕੋਲੋਂ ਤਾਂ ਬਦਲਾ ਫਿਰ ਵੀ ਨਹੀਂ ਲਿਆ ਗਿਆ, ਬਦਲਾ ਵੀ ਉਸ ਆਦਮੀ ਨੇ ਲਿਆ, ਜਿਸ ਨੂੰ ਤੁਸੀਂ ਚੂਹੜਾ ਚਮਾਰ, ਢੇਡ, ਨਿੱਕੀ ਸੁੱਕੀ ਜ਼ਾਤ ਵਰਗੇ ਜ਼ਲੀਲ ਸ਼ਬਦਾਂ ਨਾਲ ਸੰਬੋਧਨ ਕਰਦੇ ਹੋ।

ਜਿਸ ਖਾਲਸਤਾਨ ਬਣ ਜਾਣ ਲਈ ਤੁਸੀਂ ਕੱਛਾਂ ਵਜਾ ਰਹੇ ਹੋ, ਜੇਕਰ ਖਾਲਸਤਾਨ ਬਣ ਵੀ ਗਿਆ ਤਾਂ ਏਥੇ ਅਮਰੀਕਾ ਸਾਮਰਾਜ ਹੀ ਰਾਜ ਕਰੇਗਾ। ਤੁਸੀਂ ਤਾਂ ਸਿਰਫ ਅਮਰੀਕਾ ਸਾਮਰਾਜ ਦੇ ਦੁਮਛਲੇ ਹੀ ਹੋਵੇਗੇ, ਜਿਵੇਂ ਅਮਰੀਕੀ ਦੱਲੇ ਤੁਹਾਨੂੰ ਕਹਿਣਗੇ, ਤੁਸੀਂ ਉਸੇ ਤਰ੍ਹਾਂ ਪੁਤਲੀ ਨਾਚ ਕਰੋਗੇ, ਜਿਵੇਂ ਹੁਣ ਵੀ ਤੁਹਾਨੂੰ ਅਮਰੀਕਾ ਪੁਤਲੀ ਨਾਚ ਕਰਵਾ ਰਿਹਾ ਹੈ। ਬਾਕੀ ਤੁਹਾਡੇ ਵਿਚੋਂ ਰਾਲਫ,ਚੌਹਾਨ, ਤਲਵਿੰਦਰ ਸਿੰਘ ਵਰਗੇ ਯੂਰਪੀਨ ਮੁਲਕਾਂ 'ਚੋਂ ਵਿਦੇਸ਼ੀ ਟੁਕੜਿਆਂ ਤੇ ਐਸ਼ ਕਰ ਰਹੇ ਹਨ ਤੇ ਇਥੇ ਮਿਹਨਤਕਸ਼ ਸਧਾਰਣ ਸਿਖ ਮਰ ਰਹੇ ਹਨ, ਉਹਨਾਂ ਕਾਗਜ਼ੀ ਸ਼ੇਰਾਂ ਦੀ ਜੁਰਅਤ ਹੀ ਨਹੀਂ ਕਿ ਉਹ ਭਾਰਤ ਵਿਚ ਆ ਸਕਣ, ਜਿਸ ਤਰ੍ਹਾਂ ਕਰਤਾਰ ਸਿੰਘ ਸਰਾਭਾ, ਸੋਹਣ ਸਿੰਘ ਭਕਨਾ ਜਾਂ ਹੋਰ ਬਹੁਤ ਸਾਰੇ ਲੀਡਰਾਂ ਨੇ ਬਾਹਰੋਂ ਆ ਕੇ ਭਾਰਤੀ ਦੀ ਆਜ਼ਾਦੀ ਲਈ ਲੜਦੇ ਰਹੇ, ਉਸੇ ਤਰ੍ਹਾਂ ਇਨ੍ਹਾਂ ਕਾਗਜ਼ੀ ਸ਼ੇਰਾਂ ਦਾ ਹੌਸਲਾ ਨਹੀਂ ਕਿ ਉਹ ਭਾਰਤ ਵਿਚ ਆ ਕੇ ਦੁੱਖ ਮੁਸੀਬਤ ਝੱਲਣ, ਪਰ ਉਹ ਵਿਦੇਸ਼ੀ ਸ਼ਰਾਬਾਂ ਵਿਚ ਮਦਹੋਸ਼ ਹਨ, ਖਾਲਸਤਾਨ ਦੇ ਨਾਂ ਤੇ ਫੰਡ ਇਕੱਠਾ ਕਰਕੇ ਕਰੋੜਪਤੀ ਬਣ ਰਹੇ ਹਨ ਤੇ ਢਿਲੋਂ ਵਰਗੇ ਮਸੰਦ ਆਪਣੀਆਂ ਲੜਕੀਆਂ ਗੋਰਿਆਂ ਨੂੰ ਵਿਆਹ ਰਹੇ ਹਨ, ਹੈ ਇਹਨਾਂ 'ਚ ਕੋਈ ਗੈਰਤ ਦੀ ਕਣੀ।

ਸੋ ਸਾਇੰਸ ਦੇ ਵਿਦਿਆਰਥੀਓ, ਤੁਸੀਂ ਇਤਿਹਾਸ ਦੇ ਪਹੀਏ ਨੂੰ ਪੁਠਾ ਗੇੜਾ ਨਾ ਦਿਓ, ਇਤਿਹਾਸ ਨੂੰ ਅਗੇ ਵੱਲ ਨੂੰ ਤੋਰੋ, ਅੱਜ ਵੀਹਵੀਂ ਸਦੀ ਸਾਇੰਸ ਦਾ ਯੁਗ ਹੈ, ਚੌਧਵੀ, ਪੰਦਰਵੀ ਸਦੀ ਦਾ ਯੁਗ ਨਹੀਂ। ਅੱਜ ਦੀਆਂ ਹਾਲਤਾਂ ਤੇ ਰਾਜਨੀਤੀ ਦਾ ਮੁਕਾਬਲਾ ਕਰਨਾ ਹੈ ਤਾਂ ਧਰਮ ਨੂੰ ਰਾਜਨੀਤੀ ਤੋਂ ਵੱਖ ਕਰਕੇ ਹੀ ਹੋ ਸਕਦਾ ਹੈ, ਅੱਜ ਦੀਆਂ ਹਾਲਤਾਂ ਨੂੰ ਸਾਹਮਣੇ ਰੱਖ ਕੇ ਹੀ ਕੀਤਾ ਜਾ ਸਕਦਾ ਹੈ। ਨਹੀਂ ਤਾਂ ਧਰਮ ਸਾਨੂੰ ਇਸੇ ਤਰ੍ਹਾਂ ਹੀ ਆਪਸ ਵਿਚ ਹਿੰਦੂ ਸਿੱਖਾਂ ਨੂੰ ਆਪਸ ਵਿਚ ਲੜਾ ਕੇ, ਭਰਾ ਮਾਰ ਦੀ ਲੜਾਈ ਵਿਚ ਉਲਝਾਉਂਦਾ ਰਹੇਗਾ ਤੇ ਸਾਡਾ ਮਿਹਨਤਕਸ਼ ਤੇ ਇਨਸਾਫਪਸੰਦ ਲੋਕਾਂ ਦਾ ਏਕਾ ਤੋੜਦਾ ਰਹੇਗਾ, ਫਿਰ ਅਸੀਂ ਆਪਣੇ ਸਾਂਝੇ ਦੁਸ਼ਮਣ (ਸਰਮਾਏਦਾਰ ਜਗੀਰਦਾਰ, ਸਾਮਰਾਜਵਾਦ ਤੇ ਇਥੋਂ ਦੀ ਲੁਟੇਰੀ ਸਰਕਾਰ) ਨੂੰ ਨੱਥ ਨਹੀਂ ਪਾ ਸਕਾਂਗੇ, ਉਸ ਨੂੰ ਮੁੱਢੋਂ ਸੁਢੋਂ ਖਤਮ ਨਹੀਂ ਕਰ ਸਕਾਂਗੇ। ਬਾਬੇ ਨਾਨਕ ਤੇ ਗੁਰੂ ਗੋਬਿੰਦ ਸਿੰਘ ਵਾਂਗ ਬਿਨ ਭੇਦ ਭਾਵ ਦੇ ਹਰ ਮਜ਼ਲੂਮ ਦਾ ਸਾਥ ਦਿਓ, ਹਰ ਮਿਹਨਤ-ਕਸ਼ ਕਿਸਾਨ ਮਜ਼ਦੂਰ ਦਾ ਸਾਥ ਦਿਓ, ਚਾਹੇ ਉਹ ਕਿਸੇ ਵੀ ਜਾਤ ਗੋਤ ਜਾ ਇਲਾਕੇ ਨਾਲ ਸਬੰਧ ਰੱਖਦਾ ਹੋਵੇ।

ਅੱਜ ਹਰ ਕਾਮੇ ਕਿਸਾਨ ਮਜ਼ਦੂਰ ਨਾਲ ਧੱਕਾ ਹੋ ਰਿਹਾ ਹੈ, ਉਹ ਚਾਹੇ ਯੂ. ਪੀ., ਬਿਹਾਰ, ਮਹਾਰਾਸ਼ਟਰ ਜਾਂ ਕਿਸੇ ਵੀ ਸੂਬੇ ਦਾ ਹੋਵੇ, ਹਰ ਕਿਰਤੀ ਕਾਮੇ ਨੂੰ ਇਹ ਲੁਟੇਰਾ ਰਾਜ ਪ੍ਰਬੰਧ ਲੁੱਟ ਰਿਹਾ ਹੈ, ਹਰ ਕਿਸਮ ਦਾ ਜਬਰ ਕਰ ਰਿਹਾ ਹੈ। ਬਾਕੀ ਜਾਬਰਾਂ ਦੀ ਕੋਈ ਇਕ ਕੌਮ ਨਹੀਂ ਹੁੰਦੀ, ਉਹ ਕਿਸੇ ਵੀ ਜ਼ਾਤ, ਗੋਤ ਜਾ ਕੌਮ ਦਾ ਹੋ ਸਕਦਾ ਹੈ, ਜਿਵੇਂ ਜਾਬਰਾਂ ਦੀ ਕਤਾਰ ਵਿਚ ਗਿਆਨੀ ਜ਼ੈਲ ਸਿੰਘ, ਬੂਟਾ ਸਿੰਘ, ਦਰਬਾਰਾ ਸਿੰਘ ਜਾਂ ਹੋਰ ਬਹੁਤ ਸਾਰੇ ਧਨਾਢ ਸਿੱਖ ਆਉਂਦੇ ਹਨ। ਯਾਨੀ ਇਕ ਗੱਲ ਹੋਰ ਸਪਸ਼ਟ ਕਰ ਦਿਆਂ, ਕਾਮੇ ਕਿਸਾਨ ਜਾ ਮਜਦੂਰਾਂ ਦਾ ਕੋਈ ਪੱਕਾ ਦੇਸ਼ ਨਹੀਂ ਹੋਇਆ ਕਰਦਾ, ਜਿਥੇ ਵੀ ਉਸ ਨੂੰ ਕੋਈ ਰੋਟੀ ਮਿਲੇਗੀ, ਉਥੇ ਹੀ ਉਸ ਦਾ ਘਰ ਹੈ, ਉਸ ਦਾ ਦੇਸ਼ ਹੈ। ਜਿਵੇਂ ਕਿ ਪੰਜਾਬ ਦੇ ਕਿਸਾਨ ਰਾਜਸਥਾਨ ਜਾ ਦੇਸ਼ ਦੇ ਹੋਰ ਬਹੁਤ ਸਾਰੇ ਭਾਗਾਂ ਵਿਚ ਵੱਸ ਗਏ ਹਨ, ਪੰਜਾਬ ਦੇ ਸਿਖ ਹੋਰ ਮੁਲਕਾਂ ਵਿਚ ਮਜ਼ਦੂਰੀ ਜਾਂ ਹੋਰ ਕੰਮ ਲਈ ਆਪਣੀ ਰੋਜ਼ੀ ਰੋਟੀ ਵਾਸਤੇ ਵੱਸ ਗਏ ਹਨ।

ਸੋ ਬੰਦ ਕਰੋ ਇਹ ਵਹਿਸ਼ੀਪੁਣਾ। ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਤੇ ਤਰਸ ਕਰੋ, ਗਲੇ ਤੱਕ ਤੁਹਾਡਾ ਫਿਰਕੂ ਜ਼ਹਿਰ ਫੈਲਾ ਕੇ ਢਿੱਡ ਨਹੀਂ ਭਰਿਆ, ਤੁਹਾਨੂੰ ਬੇਗੁਨਾਹ ਸਿਖਾਂ ਦਾ ਵਹਿੰਦਾ ਖੂਨ ਕਿਉਂ ਚੰਗਾ ਲੱਗਦਾ ਹੈ, ਇਉ ਤਾਂ ਤੁਸੀਂ ਸਾਰੇ ਆਪਣੇ ਸਿਖ ਭਰਾਵਾਂ ਨੂੰ ਖਤਮ ਕਰਵਾ ਬੈਠੋਗੇ।

ਸੋ ਸਾਥੀਓ, ਆਉ ਫਿਰਕੂ ਸੋਚਾਂ ਤੋਂ ਖਹਿੜਾ ਛਡਵਾਈਏ ਤੇ ਮਨੁੱਖਤਾ ਲਈ ਕੰਮ ਕਰੀਏ, ਇਸ ਤੋਂ ਮਹਾਨਤਾ ਭਰਿਆ ਹੋਰ ਕੋਈ ਕੰਮ ਨਹੀਂ ਹੋ ਸਕਦਾ।

—ਸੁਰਿੰਦਰ ਸਿੰਘ ਅਬੋਹਰ,

ਕਹਾਣੀ

# ਉਹ ਅਗਿਆਤ ਵੀਰ !

**ਜਸਬੀਰ ਮੰਡ**

ਡਿਗਦਾ ਢਹਿੰਦਾ ਉਹ ਘਰ ਤੋਂ ਬਾਹਰ ਤਾਂ ਨਿਕਲ ਗਿਆ, ਪਰ ਅੱਗੇ ਤੁਰਨ ਦੀ ਹਿੰਮਤ ਉਹਦੇ ਵਿਚ ਨਹੀਂ ਸੀ। ਅੰਦਰੋਂ ਤਾਂ ਉਹ ਮਸਾਂ ਜਾਨ ਛੁਡਾਕੇ ਆਇਆ ਸੀ, ਜਿਵੇਂ ਪਲਾਂ ਵਿਚ ਹੀ ਉਹਦਾ ਸਾਹ ਬੰਦ ਹੋ ਜਾਵੇਗਾ ਅੰਦਰਲੇ ਹੁੰਭ ਤੋਂ ਤਾਂ ਉਹ ਬੱਚ ਆਇਆ ਸੀ, ਪਰ ਹੁਣ ਸਰੀਰ ਵਲੋਂ ਕੋਰਾ ਜਵਾਬ ਮਿਲ ਰਿਹਾ ਸੀ। ਹੱਥ ਵਿਚ ਫੜੀ ਕੱਖਾਂ ਵਾਲੀ ਪੱਲੀ ਤੇ ਦਾਤੀ ਆਪ ਮੁਹਾਰੇ ਧਰਤੀ ਤੇ ਜਾ ਡਿੱਗੀ। ਆਪ ਡਿਗਦੇ ਡਿਗਦੇ ਨੇ ਕੰਧ ਦਾ ਸਹਾਰਾ ਲੈ ਲਿਆ। ਅੱਖਾਂ ਅੱਗੇ ਅਜੀਬ ਕਿਸਮ ਦਾ ਹਨੇਰਾ ਆ ਰਿਹਾ ਹੈ। ਕੁਝ ਦੇਰ ਬਾਅਦ ਉਹਨੂੰ ਦੁੱਖ ਜਿਹਾ ਮਹਿਸੂਸ ਹੋਇਆ। ਹੌਲੀ ਹੌਲੀ ਅੱਖਾਂ ਖੋਲ੍ਹਕੇ ਉਹਨੇ ਵੇਖਿਆ ਕਿ ਇਕ ਵੱਡਾ ਸਾਰਾ ਕੀੜਾ ਉਂਗਲੀ ਨੂੰ ਚਿੰਬੜੀ ਜਾ ਰਿਹਾ ਹੈ। ਸ਼ਾਇਦ ਉਹਨੂੰ ਗੁੱਸਾ ਹੈ ਕਿ ਏਸ ਹੱਥ ਨੇ ਉਹਦਾ ਦਾਣਾ ਥੱਲੇ ਡੇਗ ਦਿੱਤਾ ਹੈ ਜੋ ਉਹ ਮਸਾਂ ਹੀ ਧਰਤੀ ਤੋਂ ਇਥੇ ਤੱਕ ਲੈ ਕੇ ਆਇਆ ਸੀ। ਉਹਨੇ ਉਂਗਲੀ ਮੋੜਕੇ ਧਰਤੀ ਨਾਲ ਘਸਾ ਦਿੱਤੀ ਤੇ ਕੀੜੇ ਦਾ ਨਾਂ ਨਿਸ਼ਾਨ ਹੀ ਮਿਟ ਗਿਆ। ਪਰ ਉਹਦੀ ਆਪਣੀ ਹਾਲਤ ਤਾਂ ਹੋਰ ਵਿਗੜਦੀ ਜਾ ਰਹੀ ਹੈ। ਉਹ ਅੱਗੇ ਵੱਲ ਤੁਰਨਾ ਚਾਹੁੰਦਾ ਹੈ ਪਰ ਪੈਰ ਏਨੇ ਭਾਰੇ ਜਾਪਦੇ ਨੇ ਕਿ ਕਦਮ ਪੁੱਟ ਹੀ ਨਹੀਂ ਹੋ ਰਿਹਾ। ਕਦੇ ਕਦੇ ਉਹ ਸੋਚਦਾ ਹੈ ਕਿ ਹੁਣੇ ਕੁਝ ਦੇਰ ਪਹਿਲਾਂ ਮੈਂ ਕਿੰਨਾ ਖੁਸ਼ ਸਾਂ। ਸਭ ਦੇ ਮੂੰਹੋਂ ਸ਼ਾਬਾਸ਼ ਦੀ ਉਡੀਕ ਕਰ ਰਿਹਾ ਸਾਂ। ਆਹ! ਅਚਾਨਕ ਮੈਨੂੰ ਕੀ ਹੋ ਗਿਆ? ਏਸ ਗੱਲ ਦਾ ਉਤਰ ਉਹਨੂੰ ਕੋਈ ਨਹੀਂ ਸੀ ਮਿਲ ਰਿਹਾ। ਉਹਨੇ ਇਕ ਵਾਰ ਫਿਰ ਦਿਮਾਗ ਤੇ ਬੋਝ ਪਾ ਕੇ ਉੱਤਰ ਦੀ ਭਾਲ ਕੀਤੀ। ਪਰ ਸਭ ਬੇਅਰਥ। ਸਗੋਂ ਉਹਦਾ ਸਿਰ ਹੋਰ ਚਕਰਾ ਗਿਆ। ਡਿਗਦਾ ਡਿਗਦਾ ਉਹ ਧਰਤੀ ਤੇ ਬੈਠ ਹੀ ਗਿਆ। ਬੈਠਦੇ ਸਾਰ ਹੀ ਉਹਨੂੰ ਏਦਾਂ ਜਾਪਿਆ ਜਿਵੇਂ ਉਹ ਨਿਘਰਦਾ ਹੀ ਜਾ ਰਿਹਾ ਹੈ...ਕਿਸੇ ਅਨੰਤ ਡੂੰਘੀ ਖੱਡ ਵਿਚ...ਚਾਰ ਚੁਫੇਰੇ ਹਨੇਰਾ ਹੀ ਹਨੇਰਾ ਹੈ..ਲੱਤਾਂ ਬਾਹਾਂ ਸਭ ਬੇਹਰਕਤ ਹਨ...ਅੱਖਾਂ ਜੋ ਕਾਫੀ ਦੇਰ ਪਹਿਲਾਂ ਹੀ ਜਵਾਬ ਦੇ ਚੁੱਕੀਆਂ ਨੇ...। ਸਾਹਮਣਿਉਂ ਲੋਕਾਂ ਦੀਆਂ ਆਵਾਜ਼ਾਂ ਆ ਰਹੀਆਂ ਨੇ।

"ਹਾਂ...ਬਈ ਲੈ ਆਇਆ ਕੱਖ ਕੰਡਾ।"

"ਹਾਂ...ਹਾਂ...ਇਹ ਤਾਂ ਕਰਨਾ ਹੀ ਪੈਂਦਾ।

"ਠੀਕ ਐ...ਠੀਕ ਐ...।"

ਉਹਨੇ ਹੌਲੀ ਹੌਲੀ ਅੱਖਾਂ ਖੋਲ੍ਹੀਆਂ। ਸਾਹਮਣਿਉਂ ਰੱਖੇ ਹੁਰਾਂ ਦਾ ਸਾਂਝੀ ਕੱਖਾਂ ਦੀ ਭਰੀ ਲਈ ਆ ਰਿਹਾ ਹੈ। ਜ਼ਿਆਦਾ ਭਾਰ ਹੋਣ ਕਰਕੇ ਉਹਨੇ ਭਰੀ ਮੋਢਿਆਂ ਤੇ ਲਈ ਹੋਈ ਹੈ। 'ਉਹ! ਮੈਂ ਤਾਂ ਹਾਲੇ ਵੱਢ ਕੇ ਲਿਆਉਣੇ ਐ..। ਮੈਨੂੰ ਤਾ ਨ੍ਹੇਰਾ ਹੋ ਜੂ...। ਮੈਨੂੰ ਕੀ ਹੋ ਗਿਆ ਅੱਜ?' ਉਹਨੇ ਸਾਹਮਣੇ ਨਿਗਾ ਮਾਰੀ ਦਾਤੀ ਦੀ ਸਿੱਧੀ ਨੋਕ ਉਹਦੇ ਵੱਲ ਸੀ। ਉਹਨੂੰ ਨੋਕ ਤੋਂ ਭੈਅ ਜਹੀ ਆਈ ਜਿਵੇਂ ਹੁਣੇ ਉਹ ਉਹਦਾ ਕਲੇਜਾ ਪਾੜ ਸੁਟੇਗੀ। ਹੌਲੀ ਜਹੇ ਦਾਤੀ ਨੂੰ ਮੁੱਠੇ ਤੋਂ ਫੜਕੇ ਉਹ ਫਿਰ ਖੜਾ ਹੋ ਗਿਆ।

'ਹੂੰ...ਐਥੇ ਫਿਰਦੈ...।' ਰੱਖੇ ਹੁਰਾਂ ਦੇ ਸਾਂਝੀ ਦੀ ਆਵਾਜ਼ ਭਾਰ ਕਰਕੇ ਮਸਾਂ ਹੀ ਨਿਕਲੀ। ਪਰ ਉਹ ਕੁਝ ਨਾ ਕਹਿ ਸਕਿਆ।

'ਵੇਹਲੀਆਂ ਖਾਣ ਗਿਝਿਆ ਹੋਇਆ...ਐਥੇ ਤਾਂ ਕਰਨਾ ਪੈਣਾ...।' ਕਹਿੰਦੇ ਕਹਿੰਦੇ ਉਹਨੇ ਆਪਣੇ ਵਾੜੇ ਵਿਚ ਭਰੀ ਵਗ੍ਹਾ ਮਾਰੀ।

ਉਹਨੇ ਮੁੜ ਕੇ ਉਹਦੇ ਵੱਲ ਵੇਖਿਆ। ਉਹ ਕਹੇ ਹੋਏ ਲਫਜ਼ਾਂ ਤੋਂ ਉਹਨੂੰ ਚਿੜ੍ਹ ਜਹੀ ਆਈ। ਜਿਵੇਂ ਉਹਨੇ ਤਾਹਨਾ ਮਾਰਿਆ ਹੋਵੇ। 'ਦੇਖ ਲੈ ਹੋਰ ਸੁਆਦ . ਮੋਹਰੇ ਮੋਹਰੇ ਹੋ ਜਾਂਦਾ ਸੀ ਵੱਡਾ ਖੱਬੀਖਾਨ ..ਮੈਂ ਤੈਨੂੰ ਕਿਹਾ ਕੀ ਸੀ...ਭਾਈ ਚੁੱਪ ਕਰਕੇ ਆਪਣੀ ਕਬੀਲਦਾਰੀ ਸਾਂਭ ...ਤੈਨੂੰ ਕੀ ਲੈਣਾ ਇਹ ਪੜੰਗੇ ਕਰਕੇ.. ਪਰ ਤੂੰ ਹਟਿਆ ਨਾ...ਨਾ ਲੈ ਲੈ ਰੋਕੜੀਆਂ . ਨਾ ਲੈ ਲੈ..।'

ਗੁੱਸੇ ਵਿਚ ਉਹ ਦੋ ਤਿੰਨ ਵਾਰ ਧਰਤੀ ਤੇ ਪੈਰ ਮਾਰਦਾ ਹੈ। ਰਬੜ ਦੀ ਜੁੱਤੀ ਦਾ ਖੱਬਾ ਪੈਰ ਥੱਲੇ ਤੋਂ ਘਸਿਆ ਹੋਣ ਕਰਕੇ ਜ਼ੋਰ ਦੀ ਪੱਥਰ ਦੀ ਨੋਕ ਨਾਲ ਜਾ ਵੱਜਾ। ਸ਼ਾਇਦ ਪੈਰ ਦੀ ਚਰਬੀ ਪਾਟ ਗਈ ਹੈ। ਨਹੀਂ ਤਾਂ ਅਚਾਨਕ ਐਨਾ ਦਰਦ ਹੋ ਹੀ ਨਹੀਂ ਸੀ ਸਕਦਾ। ਪੈਰ ਸੁੰਨ ਹੋ ਗਿਆ। ਦਰਦ ਪਲ ਪਰ ਪਲ ਵਧਦਾ ਹੀ ਜਾ ਰਿਹਾ ਹੈ। ਗੁੱਸਾ ਜਿਵੇਂ ਖੰਭ ਲਾ ਕੇ ਉਡ ਗਿਆ। ਹੁਣ ਉਹ ਨਿਹੱਕਾ...ਲਾਚਾਰ...ਬੇਵੱਸ ਜਿਹਾ ਬਣੀ ਖਲੋਤਾ ਹੈ।

ਉਹ ਐਥੇ ਕੀ ਕਰਦਾ ਕੇਹਰਿਆ?'

ਏਸ ਆਵਾਜ਼ ਨੇ ਉਹਦਾ ਧੁਰ ਅੰਦਰ ਕੰਬਾ ਦਿੱਤਾ ਸੀ। ਇਹ ਆਵਾਜ਼ ਸੁਰਜੀਤ ਸਿੰਘ ਦੀ ਸੀ। ਉਹਦੀ ਪਿਛੇ ਮੁੜਕੇ ਵੇਖਣ ਦੀ ਹਿੰਮਤ ਵੀ ਨਾ ਪਈ। ਪਰ ਤੁਰਦੇ 2 ਉਹਦੇ ਕੰਨਾਂ ਵਿਚ ਇਹ ਆਵਾਜ਼ਾਂ ਦੇਰ ਤੱਕ ਆਉਂਦੀਆਂ ਰਹੀਆਂ। 'ਸਾਲੇ ਦੀਆਂ ਸਾਰਾ ਦਿਨ ਗੱਲਾਂ ਹੀ ਨੀ ਮੁੱਕਦੀਆਂ . ਹਾਲੇ ਸ਼ਹਿਰ ਘੁੰਮਦੇ ਘੁੰਮਦੇ ਰੱਜਿਆ ਨੀ ਤੂੰ...ਸਵੇਰ ਦੇ ਡੰਗਰ ਭੁੱਖੇ ਖੜੇ.. ਸਾਲੀ ਆਲ ਜਾਤ...ਕਹੀ ਆਦਮੀ ਨੂੰ ਆਪ ਗੌਰ ਹੁੰਦੀ.. ਇਹ ਸਾਲਾ ਜਮ੍ਹਾਂ ਹੀ ਨਿਕੰਮਾ...ਬੱਸ ਐਸ ਸਾਲ ਕਿਸੇ ਹੋਰ ਨੂੰ

ਵੇਖਦੈਂ ।'

ਆਵਾਜ਼ਾਂ ਸੁਣਨੋ ਹਟ ਗਈਆਂ । ਪਰ ਉਹਦੇ ਸਾਹਮਣੇ ਇਕ ਹੋਰ ਕਹਾਣੀ ਆ ਰਹੀ ਹੈ। ਜੋ ਹੁਣੇ ਕੁਝ ਦੇਰ ਪਹਿਲਾਂ ਵਾਪਰ ਹਟੀ ਸੀ। ਉਹ ਸਭ ਕੁਝ ਭੁਲ ਜਾਣਾ ਚਾਹੁੰਦਾ ਸੀ। ਪੰਤਾ ਨਹੀਂ ਕਿਉਂ ਵਾਰ ਵਾਰ ਉਹੀ ਗੱਲਾਂ, ਉਹ ਥਾਂ . ਸਭ ਕੁਝ ਇਕ ਫਿਲਮ ਵਾਂਗ ਸਾਹਮਣੇ ਆਈ ਜਾ ਰਿਹੈ ਹੈ । ਕਈ ਵਾਰੀ ਉਹਨੂੰ ਆਪਣੇ ਆਪ ਤੇ ਗੁਸਾ ਜਿਹਾ ਆਉਂਦਾ ਕਿ ਮੈਂ ਐਵੇਂ ਫਜ਼ੂਲ ਹੀ ਸੋਚੀ ਜਾ ਰਿਹਾ ਹਾਂ। "ਕੀ ਹੋਇਆ ? ਹੋਇਆ ਤਾਂ ਕੁਝ ਵੀ ਨਹੀਂ—। ਫਿਰ ਆਹ ਮੈਨੂੰ ਕੀ ਹੋਈ ਜਾ ਰਿਹੈ ? ਮੇਰੀਆਂ ਲੱਤਾਂ ਬਾਹਾਂ ਕਿਉਂ ਕੰਬੀ ਜਾ ਰਹੀਆਂ ਨੇ ? ਮੈਨੂੰ ਅੱਜ ਸਾਰਾ ਪਿੰਡ ਧੁੰਦਲਾ ਧੁੰਦਲਾ ਜਿਹਾ ਕਿਉਂ ਨਜ਼ਰ ਆ ਰਿਹੈ।

ਅੱਜ ਤੋਂ ਦਸ ਦਿਨ ਪਹਿਲਾਂ ਜਦੋਂ ਉਹ ਸ਼ਾਮ ਦਾ ਕੰਮ ਮੁਕਾਕੇ ਰੋਟੀ ਖਾਣ ਸੁਰਜੀਤ ਸਿੰਘ ਦੇ ਘਰ ਗਿਆ। ਕਿਉਂਕਿ ਉਹਦੇ ਨਾਲ ਇਹ ਪਿਛਲੇ ਚਾਰਾਂ ਸਾਲਾਂ ਤੋਂ ਸਾਂਝੀ ਚਲਿਆ ਆ ਰਿਹਾ ਸੀ । ਉਹ ਅੰਦਰ ਵੜਿਆ ਹੀ ਸੀ ਕਿ ਛੇ ਬੰਦੇ ਬੈਠਕ ਵਿਚ ਪਹਿਲਾਂ ਹੀ ਬੈਠੇ ਸਨ ! ਤਿੰਨ ਬੰਦੇ ਓਪਰੇ ਸਨ ਤੇ ਬਾਕੀ ਦੇ ਤਿੰਨ ਪਿੰਡ-ਦੇ ਜੱਟਾਂ ਦੇ ਮੁੰਡੇ ਸਨ। ਉਹ ਸਭ ਸੁਰਜੀਤ ਸਿੰਘ ਨੂੰ ਕੁਝ-ਸਮਝਾ ਰਹੇ ਸਨ ਤੇ ਉਹ ਉਹਨਾਂ ਦੀ ਹਾਂ ਵਿਚ ਹਾਂ ਮਿਲਾਈ ਜਾ ਰਿਹਾ ਸੀ। ਇਹ ਤਿੰਨੇ ਓਪਰੇ ਬੰਦੇ ਕਿਸਾਨ ਯੂਨੀਅਨ ਦੇ ਸਨ । ਇਹਨਾਂ ਵਿਚੋਂ ਲੰਬਾ ਜਿਹਾ ਜ਼ਿਲੇ ਦਾ ਪ੍ਰਧਾਨ ਤੇ ਪਕੇ ਜਹੇ ਰੰਗ ਦਾ ਜਨਰਲ ਸੈਕਟਰੀ ਤੇ ਤੀਜਾ ਬੰਦਾ ਪੰਜਾਬ ਦਾ ਮੀਤ ਪ੍ਰਧਾਨ ਸੀ। "ਤੁਹਾਨੂੰ ਤਾਂ ਪਤਾ ਹੀ ਹੈ ਕਿ ਸਰਕਾਰ ਨੇ ਏਦਾਂ ਤਾਂ ਫਸਲਾਂ ਦੇ ਭਾਅ ਵਧਾਉਣੇ ਨਹੀਂ....। ਸਾਨੂੰ ਸਭ ਨੂੰ ਮਿਲਕੇ ਚਲਣਾ ਪਵੇਗਾ । ਵੇਖ ਲੌ ਬਿਜਲੀ ਦਾ ਬਿਲ ਦੁਗਣਾ ਕਰ ਦਿਤਾ... । ਸਕਿਊਰਟੀ ਵੀ ਵਧਾ ਦਿੱਤੀ। ਰੇਹ ਦਾ ਭਾਅ ਸਾਲ ਵਿਚ ਡੇਢਾ ਕਰ ਦਿੱਤਾ।" ਇਹ ਲਵਜ਼ ਕਾਲੇ ਜਹੇ ਬੰਦੇ ਦੇ ਸਨ ਜੋ ਕਿ ਸਾਰੀ ਗੱਲ ਬੜੇ ਢੰਗ ਸਿਰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

ਪਰ ਉਧਰ ਸੁਰਜੀਤ ਸਿੰਘ ਦਾ ਸਿਰ ਪਾਟਿਆ ਜਾ ਰਿਹਾ ਸੀ। ਹੁਣ ਉਹਨੇ ਉਹਨਾਂ ਵਲੋਂ ਪਾਸਾ ਵੀ ਵੱਟ ਲਿਆ ਸੀ । ਇਹਨਾਂ ਗੱਲਾਂ ਦਾ ਧਿਆਨ ਹਟਾਉਣ ਲਈ ਤਾਂ ਉਹ ਰੋਜ਼ ਸ਼ਾਮ ਨੂੰ ਹਾੜਾ ਲਾਉਂਦਾ ਸੀ । ਪਰ ਅੱਜ ਤਾਂ ਇਹ ਦਿਨ ਨਾਲ ਹੀ ਚੇਤੇ ਕਰਾਉਣ ਲਗ ਪਏ। ਉਹਦੀਆਂ ਅੱਖਾਂ ਸਾਹਮਣੇ ਜੂਨ ਵਿਚ ਆ ਰਹੀ ਟਰੈਕਟਰ ਦੀ ਕਿਸ਼ਤ, ਸੁਸਾਇਟੀ ਤੋਂ ਲਿਆ ਰੇਹ ਦਾ ਕਰਜ਼ਾ ਵਾਰ ਵਾਰ ਆ ਰਿਹਾ ਸੀ। ਇਹ ਸਭ ਕੁਝ ਯਾਦ ਕਰ ਉਹਦਾ ਅੰਦਰ ਕੰਬ ਉਠਿਆ ਸੀ। ਉਹਨੇ ਉਹਨਾਂ ਵਲ ਘੂਰ ਕੇ ਵੇਖਿਆ ਜਿਵੇਂ ਸਭ ਉਹਦੇ ਦੁਖਦੇ ਜ਼ਖਮਾਂ ਨੂੰ ਛੇੜ ਰਹੇ ਹੋਣ । ਇਕ ਵਾਰ ਤਾਂ ਉਹਦਾ ਜੀਅ ਕੀਤਾ ਕਿ ਸਭ ਨੂੰ ਕਹਿ ਦੇਵੇਗਾ ਕਿ ਭੱਜ ਜਾਉ ਇਥੋਂ ਮੈਂ ਏਸ ਤਰ੍ਹਾਂ ਹੀ ਠੀਕ ਹਾਂ... ।

"ਬਾਪੂ ਜੀ ਤਸੀਂ ਕੁਝ ਦਸਿਆ ਹੀ ਨੀ।" ਲੰਬੇ ਜਹੇ ਬੰਦੇ ਨੇ ਚੁੱਪ ਤੋੜੀ ।

"ਦੇਖੋ ਬਾਪੂ ਜੀ ਅਸੀਂ ਤੁਹਾਡੇ ਹੀ ਹਿਤਾਂ ਵਾਸਤੇ ਲੜਦੇ ਹਾਂ। ਸਾਡੀਆਂ ਮੁਖ ਮੰਗਾਂ ਨੇ : ਕਣਕ ਦਾ ਭਾਅ ਢਾਈ ਸੌ ਰੁਪਏ ਕੀਤਾ ਜਾਵੇ, ਰੇਹ ਦੇ ਥੈਲੇ ਦੀ ਕੀਮਤ ਘਟਾਕੇ ਅੱਧੀ ਕੀਤੀ ਜਾਵੇ...ਮੋਟਰਾਂ ਦੇ ਬਿਲ ਘਟਾਏ ਜਾਣ... । ਇਹ 'ਮੰਗਾਂ ਬਾਪੂ ਜੀ ਅਸੀਂ ਮਨਾਕੇ ਹੀ ਹਟਣਾ ।"

"ਅੱਛਾ !" ਉਹਦੇ ਚੇਹਰੇ ਤੇ ਜਿਵੇਂ ਖੇੜਾ ਆ ਗਿਆ। ਉਹ ਖੜੀ ਹੀ ਫਸਲ ਦਾ ਅੰਦਾਜ਼ਾ ਲਾਉਣ ਲਗ ਪਿਆ । ਜੇ ਕਣਕ ਦਾ ਭਾਅ ਢਾਈ ਸੌ ਹੋ ਗਿਆ ਤਾਂ ਅੱਠ ਕਿਲਿਆਂ ਵਿਚੋਂ ਪੰਦਰਾਂ ਹਜ਼ਾਰ ਦੀ ਤਾਂ ਹੋ ਹੀ ਜਾਊਗੀ। ਟਰੈਕਟਰ ਦੀ ਕਿਸ਼ਤ ਆਰਾਮ ਨਾਲ ਉਤਰ ਜੂ ਫਿਰ ਤਾਂ ...। ਬਾਕੀ ਜਿਹੜੇ ਬਚਣਗੇ ਉਹਨਾਂ ਦਾ ਡੰਗਰਾਂ ਵਾਸਤੇ ਵਰਾਂਡਾ ਪਾ ਦੇਵਾਂਗੇ...ਸੋਹਰੇ ਬਾਹਰ ਲੋਅ ਵਿਚ ਹੀ ਖੜਦੇ ਐ...ਨਾਲੇ ਜੀਤੇ ਦੀ ਬੀਬੀ ਲੜਨੋਂ ਹਟ ਜੂ ਫਿਰ ਤਾਂ...ਜਦ ਦੀਆਂ ਸਾਲੀ ਦੀਆਂ ਟੂੰਬਾਂ ਵੇਚੀਆਂ ਸਹੁਰੀ ਨੇ ਰੋਟੀ ਖਾਣੀ ਦੁਭਰ ਕਰੀ ਪਈ ਐ,... । ਬਾਕੀ ਰਹਿ ਗਿਆ ਕੁੜੀ ਦਾ ਵਿਆਹ... ਉਹ ਅਗਲੀ ਫਸਲ ਨੂੰ ਸਹੀ... । ਜੇ ਭਲਾ ਰੇਹ ਦਾ ਥੈਲਾ ਵੀ ਘੱਟ ਗਿਆ...ਫਿਰ ਤਾਂ ਰੰਗ ਹੀ ਲੱਗ ਜੂ... ਹੱਦ ਹੀ ਹੋ ਜੂ...ਫਿਰ ਤਾਂ ਮਾਰ ਗਿਆ ਐਸ਼ ਵਾਂਗੀ ਓ ਚੌਂਕੜੀ—ਕਿਹਦੇ ਲੈਣ ਜੱਟ ਫਿਰ...ਆ ਜਿਹੜੇ ਮਲਾਰੇ ਰਾਹੀਂ ਬਣੀ ਫਿਰਦੇ ਵਡੇ ਜਿਮੀਦਾਰ, ਸਭ ਨੂੰ ਕੱਲਾ ਹੀ ਦੇਖ ਲੂੰ...ਜਟ ਕੱਲਾ ਹੀ ਸਾਨ੍ਹ ਬਹੁਤ ਫਿਰ ਤਾਂ...।

"ਦੱਸ ਚਾਚਾ ਅਸੀਂ ਹਾਲੇ ਸਾਰੇ ਪਿੰਡ ਵਿਚ ਘੁੰਮਣਾ...।" ਪਿੰਡ ਦੇ ਮੁੰਡੇ ਤਰਸੇਮ ਨੇ ਉਹਦੀ ਚੁੱਪ ਤੋੜੀ।

"ਉਹ ਚੁੱਕ ਦਿਆਂਗੇ ਫੱਟੇ...।" ਉਹ ਇਕ-ਦਮ ਤ੍ਰਬਕੇ ਬੋਲਿਆ।

ਸਭ ਨੇ ਉਹਦੇ ਵਲ ਹੈਰਾਨੀ ਨਾਲ ਵੇਖਿਆ।

"ਬਾਪੂ ਜੀ ਸਾਨੂੰ ਤੁਹਾਡੇ ਵਰਗੇ ਬੰਦਿਆਂ ਦੀ ਹੀ ਲੋੜ ਏ ।" ਕਾਲੇ ਰੰਗ ਵਾਲੇ ਬੰਦੇ ਨੇ ਕਿਹਾ।

"ਫਿਰ ਨੀ ਅਸੀਂ ਡਰਦੇ ਕਿਸੇ ਤੋਂ...।" ਇਹ ਆਵਾਜ਼ ਲੰਬੇ ਬੰਦੇ ਦੀ ਸੀ।

"ਤੁਸੀਂ ਪਰਵਾਹ-ਨਾ-ਕਰੋ ਪੁਤਰੋ...।"

'ਕਿਉਂ ਬਈ ਤਿਆਰ ਏਂ ਤੂੰ ਵੀ ਸ਼ੇਰਾ ?' ਉਹਨੇ ਸਾਹਮਣੇ ਖੜੇ ਕੇਹਰੇ ਵੱਲ ਇਸ਼ਾਰਾ ਕਰਕੇ ਪੁਛਿਆ।

'ਲੈ ਚਾਚਾ ਇਹ ਸਾਮੀ ਪਿਛੇ ਰਹਿਣ ਵਾਲੀ ਐ ਕਿਤੇ।' ਕੇਹਰੇ ਨੇ ਹਿੱਕ ਥਾਪੜਕੇ ਕਿਹਾ।

'ਜਿਉਂਦਾ ਰਹੁ ..ਉਏ ਪੁੱਤਰਾ....ਜਿਉਂਦਾ ਰਹੁ।'

'ਉਹ ਗੱਲ ਹੀ ਕੋਈ ਨੀ ਚਾਚਾ...।' ਕੇਹਰੇ ਨੇ ਬਾਕੀ ਦੇ ਬੰਦਿਆਂ ਵੱਲ ਚਾਂਮਲ ਕੇ ਵੇਖਿਆ।

'ਨਾਲੇ ਇਹ ਤਾਂ ਸਾਰਿਆਂ ਦਾ ਸਾਂਝਾ ਕੰਮ ਏ...।' ਸੁਰਜੀਤ ਸਿੰਘ ਨੇਂ ਉਹਨਾਂ ਬੰਦਿਆਂ ਦੇ ਕਹੇ ਹੋਏ ਲਫ਼ਜ਼ ਦੁਹਰਾਏ।

'ਅੱਛਾ ਬਾਪੂ ਜੀ ਅਸੀਂ ਚਲਚੇ ਹਾਂ...।' ਤੇ ਅਗਲੇ ਦਿਨ ਡੀ. ਸੀ. ਦੇ ਦਫ਼ਤਰ ਦੇ ਘਿਰਾਉ ਵਿਚ ਸ਼ਾਮਲ ਹੋਣ ਲਈ ਲਫ਼ਜ਼ ਫਿਰ ਦੁਹਰਾਏ।

ਉਸ ਰਾਤ ਸੁਰਜੀਤ ਸਿੰਘ ਨੂੰ ਰੱਜਕੇ ਨੀਂਦ ਆਈ ਸੀ। ਉਹਦੀ ਕਬੀਲਦਾਰੀ ਦੇ ਫ਼ਿਕਰ ਪਤਾ ਨਹੀਂ ਕਿਥੇ ਉਡ ਗਏ ਸਨ। ਘਰਦੇ ਸਾਰੇ ਜੀਅ ਉਹਨੂੰ ਇਕਵਾਰ ਫਿਰ ਪਿਆਰੇ 2 ਜਾਪੇ ਸਨ। ਉਹ ਸਭ ਨਾਲ ਮੁੜ ਘੁਲ ਮਿਲ ਜਾਣਾ ਚਾਹੁੰਦਾ ਸੀ। ਉਹਦਾ ਚਿੜਚਿੜਾ ਜੋ ਪਿਛਲੇ ਦੋਹਾਂ ਸਾਲਾਂ ਤੋਂ ਹੋਇਆ ਸੀ ਹੁਣ ਕੁਝ ਰਾਹਤ ਮਹਿਸੂਸ ਕਰ ਰਿਹਾ ਸੀ। ਏਸ ਮਹੀਨੇ ਤਾਂ ਉਹਨੇ ਆਪਣੀ ਘਰ ਵਾਲੀ ਨੂੰ ਜੋ ਅੰਤਾਂ ਦੀ ਸ਼ਰੀਫ਼ ਹੈ . ਦੋ ਵਾਰ ਕੁੱਟ ਲਿਆ ਸੀ। ਕੱਲ ਉਹਨੇ ਗੁੱਸੇ ਵਿਚ ਆ ਕੇ ਫੌੜੇ ਨਾਲ ਕੱਟੇ ਦਾ ਤਿਗ ਹੀ ਤੋੜ ਦਿੱਤਾ ਜੋ ਕਿ ਹੁਣ ਤੱਕ ਰਿੜਕ ਰਿਹਾ ਹੈ।

ਦੂਜੇ ਦਿਨ ਸਵੇਰੇ ਹੀ ਕੇਹਰਾ ਆ ਟਪਕਿਆ।

'ਤੂੰ ਤਿਆਰ ਹੋ ਕੇ ਨੀ ਆਇਆ...।' ਸੁਰਜੀਤ ਸਿੰਘ ਦਾ ਇਹ ਪਹਿਲਾ ਸੁਆਲ ਸੀ।

'ਮੈਂ ਚਾਚਾ ਪਹਿਲਾਂ ਦੋ ਭਰੀਆਂ ਕੱਖਾਂ ਦੀਆਂ ਸੁੱਟ ਦੇਮਾਂ...ਡੰਗਰ ਕਿਟੜੇ ਆਪਾਂ ਭੁੱਖੇ ਰਹਿਣ ਦੇਣੇ ਐ । ਚਾਚਾ ਮੈਂ ਤਾਂ ਤੁਹਾਤੋਂ ਵੀ ਪਹਿਲਾਂ ਆ ਜਾਣਾ ਸਾਇਕਲ ਤੇ.. ।'

'ਜਿਊਂਦਾ ਰਹੁ ਉਏ ਕੇਹਰਿਆ . ਮੇਰੇ ਨਾਲੋਂ ਵੀ ਵੱਧ ਖਿਆਲ ਰਖਦਾ ਤੂੰ ਤਾਂ ਡੰਗਰਾਂ ਦਾ...।' ਥੋੜੀ ਦੇਰ ਚੁੱਪ ਸੁਰਜੀਤ ਸਿੰਘ ਫਿਰ ਬੋਲਿਆ,

'ਯਾਰ ! ਸਭ ਘਰ ਦੇ ਦੋ ਦੋ ਬੰਦੇ ਤਿਆਰ ਹੋਈ ਫਿਰਦੇਂ...।'

'ਲੈ ਚਾਚਾ ਤੂੰ ਵੀ ਹੱਦ ਕਰ ਦਿੱਤੀ ਐ...ਆਪਾਂ ਵੀ ਤਾਂ ਦੋ ਹੀ ਹੋ ਗਏ ਏਹ ਘਰ ਦੇ।'

'ਉਹ ਆ ਵੀ ਜਾ ਸੁਰਜੀਤ ਸਿਹਾਂ।' ਬਾਹਰੋਂ ਰਖੇ ਨੇ ਆਵਾਜ਼ ਮਾਰੀ।

'ਆਏ ਜੀ...ਆਏ ਜੀ..।' ਕੇਹਰੇ ਦੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ।

ਨਾ ਕਿਧਰ ਗਿਆ ਸਰਦਾਰ—?' ਬਾਹਰੋਂ ਆਏ ਰੱਖੇ ਨੂੰ ਸਾਂਝੀ ਦੀ ਆਵਾਜ਼ ਨਾਲ ਤਸੱਲੀ ਨਹੀਂ ਹੋਈ ਸੀ।

'ਆ ਗਿਆ.. ਆ ਗਿਆ.. ਮੈਂ..।' ਪੱਗ ਦਾ ਲੜ ਟੰਗਦਾ ਉਹ ਬਾਹਰ ਵੱਲ ਚੱਲ ਪਿਆ।

'ਉਂ ਤਾਂ ਸਰਦਾਰ ਜੀ ਸਿਆਣੇ ਕਹਿੰਦੇ ਹੁੰਦੇ ਐ ਕਿ ਬਾਹਰ ਜਾਂਦੇ ਬੰਦੇ ਨੂੰ ਟੋਕੀਦਾ ਨੀ ਹੁੰਦਾ ਪਰ ਮੈਂ...।'

'ਹਾਂ.. ਹਾਂ.. ਤੂੰ ਦਸ ਕੇਹਰ ਸਿਹਾਂ..।'

'ਜੇ ਕੋਈ ਪੁਛੂਗਾ ਤਾਂ ਦਸ ਦਿਉ ਕਿ ਆਉਂਦਾ ਕੇਹਰਾ ਵੀ।'

'ਬੜਾ ਹੀ ਚਾਹ ਏ ਤੈਨੂੰ ਵੀ...ਤੂੰ ਪਰਵਾਹ ਨਾ ਕਰ ਮੈਂ ਤਾਂ ਢੰਡੋਰੀ ਪਿੱਟ ਦੂੰਗਾ...ਢੰਡੋਰੀ...।'

ਕੇਹਰਾ ਹੱਸਦਾ ਹੱਸਦਾ ਬਾਹਰ ਨਿਕਲ ਗਿਆ। ਖੇਤ ਵਿਚ ਜਾ ਕੇ ਉਹਨੇ ਦੋ ਭਰੀਆਂ ਕੱਖਾਂ ਦੀਆਂ ਵੱਢੀਆਂ। ਕਾਹਲੀ ਕਾਹਲੀ ਉਹਦੇ ਦੋ ਵਾਰ ਉਂਗਲਾਂ ਤੇ ਦਾਤੀ ਵੀ ਵੱਜੀ...ਪਰ ਉਹਨੇ ਪਿਸ਼ਾਬ ਕਰਕੇ ਹੀ ਸਾਰ ਲਿਆ। ਭਰੀਆਂ ਸੁੱਟ ਕੇ ਫਿਰ ਛੇਤੀ ਛੇਤੀ ਆਪਣੇ ਘਰ ਵਲ ਚੱਲ ਪਿਆ। ਛੇਤੀ ਛੇਤੀ ਤਿਆਰ ਹੁੰਦੇ ਨੂੰ ਵੇਖਕੇ ਕੇਹਰੇ ਦੀ ਘਰ ਵਾਲੀ ਮੀਤੋ ਨੇ ਪੁੱਛਿਆ,

'ਮੈਂ ਕਿਹਾ ਭਲਿਆ ਲੋਕਾ ਕੋਈ ਕਾਰਾ ਕਰ ਆਇਆਂ...।'

'ਤੂੰ ਸਾਲੀਏ ਪੁੱਠਾ ਹੀ ਬੋਲਿਆ ਕਰ।'

ਹੁਣ ਉਹ ਸਮਝ ਗਈ ਸੀ ਕਿ ਕੋਈ ਖੁਸ਼ੀ ਦੀ ਹੀ ਗੱਲ ਹੋਵੇਗੀ। ਉਹਨੇ ਕੋਲ ਹੋ ਕੇ ਹੌਲੀ ਜਹੇ ਪੁੱਛਿਆ,

'ਮੈਂ ਕਿਹਾ ਚਾਹ ਦਾ ਘੁੱਟ ਬਣਾਵਾਂ...।'

'ਲੈ ਹੁਣ ਚਾਹ ਸੁੱਝਦੀ ਐ.. ਉਥੇ ਜਾ ਕੇ ਦੇਖੀ ਜਾਊਗੀ।'

'ਅੜਿਆ ਗੱਲ ਤਾਂ ਦੱਸ ਕਿਹੜਾ ਘੱਗਰ ਚੜ੍ਹ ਆਇਆ।'

'ਸ਼ਹਿਰ ਜਾਣਾ ਸ਼ਹਿਰ...ਡੀ. ਸੀ. ਸਾਲੇ ਦਾ ਘਿਰਾਉ ਕਰਨ।'

'ਅੱਛਾ ! ਉਹ ਰਾਤ ਜਿਹੜੇ ਫਿਰਦੇ ਸੀ।'

'ਹਾਂ . ਹਾਂ...ਹਾਂ...ਓਹੀ .।'

ਹਾਲੇ ਉਹ ਕੁਝ ਹੋਰ ਪੁੱਛਣਾ ਚਾਹੁੰਦੀ ਸੀ ਪਰ ਉਹ ਦੱਬੜ ਸਟੇ ਘਰ ਤੋਂ ਬਾਹਰ ਨਿਕਲ ਗਿਆ।

'ਚਾਚੀ ਲਿਆ ਸਾਇਕਲ ਫਿਰ...।' ਉਹਨੇ ਪੌਂਦੀ ਸਟੇ ਜਾ ਕੇ ਕਿਹਾ।

'ਉਹ...ਖੜਾ ਕੋਠੜੀ 'ਚ ਲੈ ਜਾ...।'

'ਕੇਹਰਿਆ ਚਾਹ ਬਣਾਵਾਂ ਭਾਈ...।'

'ਨਾ ਕੋਈ ਲੋੜ ਨੀ . ਬਸ ਤੂੰ ਮੈਨੂੰ ਇਕਵਾਰ ਸ਼ਹਿਰ ਪੁੱਜਣ ਦੇ ਚਾਚੀ...।'

'ਟੁੱਟ ਪੈਣਿਆਂ...ਕੀ ਕਰੇਂਦਾ ਰਿਹੈ ਹੁਣ ਤੱਕ... ਤੇਰੇ ਚਾਚੇ ਹੁਰੀਂ ਤਾਂ ਸ਼ਹਿਰ ਪੁੱਜਣ ਵਾਲੇ ਹੋਣੇ ਨੇ।'

'ਚਾਚੀ ਇਕਵਾਰ ਸਾਇਕਲ ਪਰ ਤਾਂ ਚੜ੍ਹਨ ਦੇ . ਭੰਬੀਰੀ ਬਣਾਦੂੰ ਭੰਬੀਰੀ... ।'

ਉਹ ਉੱਚੀ ਉੱਚੀ ਹੱਸ ਪਈ ਤੇ ਕੇਹਰਾ ਸਾਇ-ਕਲ ਲੈ ਕੇ ਘਰ ਤੋਂ ਬਾਹਰ ਨਿਕਲ ਗਿਆ।

ਪੰਦਰਾਂ ਕਿਲੋਮੀਟਰ ਦਾ ਸਫ਼ਰ ਉਹਨੇ ਪੌਣੇ ਘੰਟੇ ਵਿਚ ਹੀ ਮੁਕਾ ਦਿੱਤਾ। ਸਭ ਤੋਂ ਪਹਿਲਾਂ ਜਾ ਕੇ ਉਹਨੇ ਸੁਰਜੀਤ ਸਿੰਘ ਨੂੰ ਫਤੇ ਬੁਲਾਈ।

'ਹੋਰ ਚਾਚਾ।' ਉਹਨੇ ਚਾਰ ਚੁਫੇਰੇ ਬੜੇ ਮਾਣ ਨਾਲ ਵੇਖਕੇ ਕਿਹਾ।

ਹੁਣ ਲੋਕਾਂ ਦੀ ਭੀੜ ਕਾਫ਼ੀ ਹੋ ਚੁੱਕੀ ਸੀ। ਇਕ ਜਲੂਸ ਦੀ ਸ਼ਕਲ ਵਿਚ ਲੋਕ ਬਸ ਸਟੈਂਡ ਤੋਂ ਡੀ. ਸੀ. ਦੇ ਦਫ਼ਤਰ ਵਲ ਚਲ ਪਏ। ਨਾਅਰਿਆਂ ਦੀ ਆਵਾਜ਼ ਚਾਰੇ ਪਾਸੇ ਗੂੰਜ ਉਠੀ। ਕੇਹਰੇ ਨੂੰ ਤਾਂ ਅੱਧੇ ਲਫਜ਼ਾਂ ਦੀ ਸਮਝ ਹੀ ਨਹੀਂ ਸੀ ਆ ਰਹੀ। ਬਹੁਤ ਸਾਰੇ ਲਫ਼ਜ਼ ਤਾਂ ਉਹ ਅੱਜ ਪਹਿਲੀ ਵਾਰ ਸੁਣ ਰਿਹਾ ਸੀ। ਪਰ ਫਿਰ ਵੀ ਉਹ ਬਾਹਾਂ ਉਲਾਰ ਉਲਾਰਕੇ ਕੁਝ ਨਾ ਕੁਝ ਬੋਲੀ ਜਾ ਰਿਹਾ ਸੀ। ਤੇ ਉਹ ਸਭ ਤੋਂ ਅਗਲੀ ਕਤਾਰ ਵਿਚ ਜਾ ਰਿਹਾ ਸੀ। ਜਲੂਸ ਡੀ. ਸੀ. ਦੇ ਦਫ਼ਤਰ ਕੋਲ ਜਾ ਕੇ ਰੁਕ ਗਿਆ। ਪੁਲਿਸ ਦੀਆਂ ਗੱਡੀਆਂ ਵੀ ਆ ਟਪਕੀਆਂ। ਉਦੋਂ ਤੱਕ ਲੋਕਾਂ ਨੇ ਦਫ਼ਤਰ ਚਾਰੇ ਪਾਸਿਉਂ ਘੇਰ ਲਿਆ ਸੀ। ਉਸੇ ਲੰਬੇ ਜਹੇ ਬੰਦੇ ਨੇ ਫਿਰ ਐਲਾਨ ਕੀਤਾ, 'ਜੇਕਰ ਦਸ ਤਰੀਕ ਤਕ ਸਾਡੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਅਸੀਂ ਫਿਰ ਘਿਰਾਓ ਕਰਾਂਗੇ...।' ਡੀ. ਸੀ. ਨੂੰ ਮੈਮੋਰੰਡਮ ਦਿੱਤਾ ਗਿਆ। ਤੇ ਲੋਕ ਫਿਰ ਅੱਡੇ ਵਲ ਤੁਰ ਪਏ। ਸਾਰੇ ਲੋਕਾਂ 'ਚ ਕੇਹਰਾ ਆਕੜ ਤੁਰ ਰਿਹਾ ਸੀ। ਉਹਨੂੰ ਅੱਜ ਬੋਤਲ ਜਿੰਨਾ ਹੋਇਆ ਜਾਪਦਾ ਸੀ।

ਫਿਰ ਦਸ ਤਾਰੀਕ ਦੀ ਉਡੀਕ ਹੋਣ ਲੱਗੀ। ਇਹਨਾਂ ਦਿਨਾਂ ਵਿਚ ਸੁਰਜੀਤ ਸਿੰਘ ਤੇ ਕੇਹਰੇ ਦੀ ਨੇੜਤਾ ਹੋਰ ਵਧ ਗਈ ਸੀ। ਉਹਨਾਂ ਦੀਆਂ ਗੱਲਾਂ ਤੋਂ ਓਪਰਾ ਬੰਦਾ ਭਰਾ ਹੀ ਸਮਝਦਾ। ਜਦੋਂ ਸੁਰਜੀਤ ਸਿੰਘ ਕੋਈ ਔਖਾ ਕੰਮ ਕਰਨ ਲਗਦਾ ਤਾਂ ਕੇਹਰਾ ਇਕਦਮ ਖਹਿੜੇ ਪੈਕੇ ਉਹਨੂੰ ਹਟਾ ਦੇਂਦਾ...। ਗੱਲ ਕੀ ਉਹਨੂੰ ਅੱਗੇ ਨਾਲੋਂ ਵੀ ਦੁਗਣਾ ਕੰਮ ਕਰਨਾ ਪੈਂਦਾ। ਦੋਵਾਂ ਨੂੰ ਘੀ ਸ਼ਕਰ ਵੇਖਕੇ ਕੇਹਰੇ ਦੀ ਘਰ ਵਾਲੀ ਫੁੱਲੀ ਨਾ ਸਮਾਉਂਦੀ।... ਕਿ ਮੇਰੇ ਘਰ ਵਾਲੇ ਦੀ (ਚਮਾਰ ਦੀ) ਇਕ ਖੱਬੀਖਾਨ ਨਾਲ ਯਾਰੀ ਏ। ਇਹਨਾਂ ਦਿਨਾਂ ਵਿਚ ਸੁਰਜੀਤ ਸਿੰਘ ਕੇਹਰੇ ਨੂੰ ਕਈ ਵਾਰ ਕਹਿ ਚੁਕਿਆ ਸੀ,

'ਕੇਹਰਿਆ ਹੁਣ ਏਸ ਘਰ ਤੋਂ ਬਾਹਰ ਨੀ ਜੇ ਪੈਰ ਪੁੱਟਣਾ।'

'ਚਾਚਾ ਤੂੰ ਕਦੇ ਇਹ ਸੋਚੀ ਵੀ ਨਾ, ਜਿਹੋ ਜੀਹ ਰੁੱਖੀ ਸੁੱਖੀ ਮਿਲੂ ਮੈਨੂੰ ਕਬੂਲ ਐ।'

'ਰੁੱਖੀ ਸੁਖੀ ਦਿਉ ਤੇਰਾ ਹੀ ਘਰ ਤੇ ਇਹ ਵੀ ਕੋਹਰ ਸਿਆਂ।'

ਹੁਣ ਦੋਵੇਂ ਇਕ ਦੂਜੇ ਦੀ ਲੋੜ ਮਹਿਸੂਸ ਕਰਨ ਲਗ ਪਏ ਸਨ। ਜੇ ਕਦੇ ਸੁਰਜੀਤ ਸਿੰਘ ਨੂੰ ਕੋਈ ਸੋਚ ਆ ਵੀ ਦੱਬਦੀ ਤਾਂ ਉਹ ਇਹ ਸੋਚਕੇ ਤਸੱਲੀ ਕਰ ਲੈਂਦਾ,' ਕੋਈ ਨਾ ਆ ਲੈਣ ਦੇ ਦੱਸ ਤਾਰੀਕ।' ਹੁਣ ਉਹਨੂੰ ਆਪਣੀਆਂ ਬਹੁਤ ਸਾਰੀਆਂ ਸਮਸਿਆਵਾਂ ਦਾ ਹਲ ਕੇਹਰਾ ਹੀ ਜਾਪ ਰਿਹਾ ਸੀ। ਕਿਉਂਕਿ ਉਹਨੂੰ ਵਾਹਿਮ ਸੀ ਕਿ ਉਹ ਦੱਸ ਤਾਰੀਕ ਵਾਲੀ ਜਿੱਤ ਉਹ ਕੇਹਰੇ ਤੋਂ ਬਿਨਾਂ ਨਹੀਂ ਜਿੱਤ ਸਕਦਾ।

ਆਖੀਰ ਦੱਸ ਤਾਰੀਕ ਵੀ ਆ ਪਹੁੰਚੀ। ਕੋਈ ਫੈਸਲਾ ਵੀ ਨਾ ਹੋ ਸਕਿਆ। ਉਸ ਦਿਨ ਸ਼ਾਮ ਨੂੰ ਕਿਸਾਨ ਯੂਨੀਅਨ ਨੇ ਐਲਾਨ ਕੀਤਾ ਕਿ, 'ਕੱਲ੍ਹ ਗਿਆਰ੍ਹਾਂ ਤਾਰੀਕ ਨੂੰ ਸਾਰੇ ਪੰਜਾਬ ਦਾ ਫਿਰ ਘਿਰਾਉ ਕੀਤਾ ਜਾਵੇ। ਤਿਆਰੀਆਂ ਫਿਰ ਸ਼ੁਰੂ ਹੋ ਗਈਆਂ। ਹਰ ਬੰਦੇ ਨੂੰ ਜਿਵੇਂ ਚਾਅ ਜਿਹਾ ਚੜ੍ਹ ਗਿਆ ਸੀ। ਐਤਕੀਂ ਕੇਹਰੇ ਦੀ ਰੀਸ ਨੂੰ ਪਿੰਡ ਦੇ ਕੁਝ ਹੋਰ ਸਾਂਝੀ ਵੀ ਤਿਆਰ ਹੋ ਰਹੇ ਸਨ। ਸ਼ਾਇਦ ਉਹ ਵੀ ਕੋਈ ਨਾਮਣਾ ਖੱਟਣਾਂ ਚਾਹੁੰਦੇ ਸਨ ਜਾਂ ਉਹਨਾਂ ਨੂੰ ਵੀ ਕੁਝ ਮਿਲਣ ਦੀ ਆਸ ਸੀ।

ਕੇਹਰਾ ਆਪਣੇ ਘਰ ਫਿਰ ਕਾਹਲੀ ਕਾਹਲੀ ਤਿਆਰ ਹੋਈ ਜਾ ਰਿਹਾ ਸੀ।

'ਤੂੰ ਚਲੇ ਤਾਂ ਜਾਂਦਾ ਪਰ ਮੇਰਾ ਦਿਲ ਡੋਬੇ ਖਾਂਦਾ ਰਹਿੰਦਾ...।' ਕੇਹਰੇ ਦੀ ਘਰ ਵਾਲੀ ਮੀਤੋ ਨੇ ਕਿਹਾ।

'ਏ ਬਸ ਕਰ ਉਹੀ ਨਖਰੇ ਕਰੀ ਜਾਂਦੀ ਏ...।'

'ਨਾ ਫਿਰ ਇਹਦਾ ਕੁਛ ਮਿਲੂਗਾ ਵੀ ਜਿਹੜਾ ਤੀਏ ਦਿਨ ਮੂੰਹ ਚੱਕ ਕੇ ਤੁਰ ਪੈਂਦੀ।'

'ਹੋਰ ਨਾ ਵੀ, ਤੂੰ ਐਵੇਂ ਨਾ ਸਮਝੀ ਸਰਦਾਰ ਕਿਸੇ ਮਾਰ ਪਰ ਹੀ ਜਾਂਦੇ ਐ...।'

'ਨਹੀਂ ਦੱਸ ਵੀ ਮਿਲੂਗਾ ਕੀ ?'

'ਤੈਨੂੰ ਵੀਹ ਵਾਰ ਕਿਹਾ. .ਮਿਲੂਗਾ ..ਮਿਲੂਗਾ... ਉਹੀਂ ਕੰਨ ਖਾਈ ਜਾਂਦੀ ਏ...।' ਉਹਨੂੰ ਖਿਝ ਜਹੀ ਆ ਰਹੀ। ਭਾਵੇਂ ਉਹਨੂੰ ਆਸ ਸੀ ਕਿ ਕੁਝ ਮਿਲੇਗਾ ਜ਼ਰੂਰ, ਪਰ ਉਹ ਬਿਆਨ ਨਹੀਂ ਸੀ ਕਰ ਸਕਦਾ। ਉਹਨੂੰ ਸ਼ਬਦ ਹੀ ਨਹੀਂ ਸਨ ਮਿਲ ਰਹੇ ਕੁਝ ਦੱਸਣ ਲਈ...। ਕੁਝ ਕਹਿਣ ਲਈ।

'ਨਾ ਐਹ ਜਿਹੜਾ ਤੁਸੀਂ ਗੌਰਮਿੰਟ ਨਾਲ ਦਾਵਾ ਜਿਹਾ ਕਰਦੇ ਹੋ...ਭਲਾ ਇਹ ਕੀਹਦੇ ਵਾਸਤੇ ਐ...।'

'ਇਹ ਭਾਗਵਾਨੇ।' ਉਹਨੇ ਬੜੇ ਹੀ ਪਿਆਰ ਨਾਲ ਉਹਦੇ ਮੋਢੇ ਤੇ ਹੱਥ ਰੱਖਿਆ।'

'ਇਹ ਤਾਂ ਸਭ ਦੀ ਸਾਂਝੀ ਲੜਾਈ ਐ... ।' ਉਹ ਲੰਬੇ ਜਹੇ ਬੰਦੇ ਦੀ ਨਕਲ ਕਰਨੀ ਚਾਹੁੰਦਾ ਸੀ।

'ਸਾਂਝੀ ਲੜਾਈ ਸਾਂਝੀ ਲੜਾਈ...।' ਬੁੜ-ਬੁੜਾਉਂਦੀ ਹੋਈ ਉਹ ਅੰਦਰ ਚਲੀ ਗਈ। ਥੋੜ੍ਹੀ ਦੇਰ ਬਾਅਦ ਚਾਹ ਦਾ ਗਿਲਾਸ ਲੈ ਕੇ ਫਿਰ ਮੁੜ ਆਈ।

'ਆਪਣਾ ਖਿਆਲ ਰਖੀਂ...ਜੇ ਲੱਤ ਬਾਹ ਟੁੱਟਗੀ ...ਕਿਸੇ ਨੇ ਨੀ ਰੋਟੀ ਦੇਣੀ ਮੈਂ ਤੈਨੂੰ ਦਸਾਂ।

'ਨਾ ਭੌਂਕ...ਨਾ ਭੌਂਕ ..ਕਲਮੂੰਹਵੀਏ...ਪਹਿਲਾਂ ਹੀ ਮਾੜੀ/ ਭਾਖੇਆ ਕਢਦੀ ਏਂ।' ਆਪਣੇ ਕਹੇ ਹੋਏ ਲਫਜ਼ਾਂ ਤੋਂ ਉਹ ਫਿੱਕੀ ਜਹੀ ਪੈ ਗਈ। ਫਿਰ ਮੁੜਕੇ ਕੁਝ ਕਹਿਣ ਜਾਂ ਪੁੱਛਣ ਦੀ ਉਹਦੇ ਵਿਚ ਹਿੰਮਤ ਨਾ ਪਈ।

ਅੱਗੇ ਵਾਂਗ ਅੱਡੇ ਵਿਚ ਫ਼ਿਰ ਇਕੱਠ ਹੋ ਰਿਹਾ ਸੀ। ਪਰ ਏਸ ਵਾਰੀ ਗਿਣਤੀ ਅਗੇ ਨਾਲੋਂ ਕਿਤੇ ਜ਼ਿਆਦਾ ਸੀ। ਲੋਕਾਂ ਦੇ ਚੇਹਰਿਆਂ ਤੋਂ ਗੁਸੇ ਦੇ ਚਿੰਨ ਸਾਫ਼ ਦਿਖਾਈ ਦੇ ਰਹੇ ਸਨ। ਉਹਨਾਂ ਦੀਆਂ ਅੱਖਾਂ ਵਿਚ ਕਿਸੇ ਨਿਸਚਿਤ ਜਿਤ ਦੇ ਬਿੰਬ ਦਿਖਦੇ ਸਨ। ਭੀੜ ਹੌਲੀ ਹੌਲੀ ਡੀ. ਸੀ. ਦੇ ਦਫ਼ਤਰ ਵਲ ਵਧ ਰਹੀ ਸੀ। ਉਧਰ ਪੁਲਿਸ ਨੇ ਦਫ਼ਤਰ ਨੂੰ ਚਾਰ ਚੁਫੇਰਿਉਂ ਘੇਰ ਲਿਆ ਸੀ। ਭੀੜ ਬਿਲਕੁਲ ਨੇੜੇ ਪਹੁੰਚ ਚੁਕੀ ਸੀ। ਕੇਹਰਾ ਤੇ ਸੁਰਜੀਤ ਸਿੰਘ ਦੋਵੇਂ ਸਭ ਤੋਂ ਅਗਲੀ ਕਤਾਰ ਵਿਚ ਜਾ ਰਹੇ ਸਨ।

'ਲੋਕੋ ਪਿਛੇ ਨਹੀਂ ਜੇ ਹੱਟਣਾ...ਘੇਰਾ ਤੋੜ ਦਿਉ।' ਕਿਸੇ ਨੇ ਉੱਚੀ ਸਾਰੀ ਆਵਾਜ਼ ਵਿਚ ਕਿਹਾ ਸੀ।

ਭੀੜ ਘੇਰੇ ਵਲ ਵਧੀ। ਸਾਹਮਣੇ ਤੋਂ ਅੱਥਰੂ ਗੈਸ ਸ਼ੁਰੂ ਹੋ ਗਈ। ਫਿਰ ਲਾਠੀਚਾਰਜ...। ਅਚਾਨਕ ਫਾਇਰਾਂ ਦੀ ਆਵਾਜ਼ ਆਈ। ਕੇਹਰਾ ਇਕਦਮ ਪਿਛੇ ਵੱਲ ਹੋਇਆ।

'ਇਹ ਸਭ ਦੀ ਸਾਂਝੀ ਲੜਾਈ ਲੋਕੋ ਪਿਛੇ ਨਹੀਂ ਜੇ ਹੱਟਣਾ...।' ਕਿਸ ਨੇ ਫਿਰ ਕੜ੍ਹਕਵੀ ਆਵਾਜ਼ ਵਿਚ ਕਿਹਾ ਸੀ।

ਸੁਣਦੇ ਸਾਰ ਹੀ ਕੇਹਰੇ ਨੂੰ ਪਤਾ ਨਹੀਂ ਕੀ ਹੋ ਗਿਆ ਸੀ।

ਉਹ ਗੋਲੀ ਵਾਂਗ ਅਗੇ ਵਧਿਆ ਤੇ ਸਭ ਤੋਂ ਪਹਿਲੀ ਕਤਾਰ ਵਿਚ ਚਲਾ ਗਿਆ। ਅਖੀਰ ਮਾਮਲਾ ਹਥੋਪਾਈ ਤਕ ਜਾ ਪੁੱਜਾ। ਭੀੜ ਬੇਕਾਬੂ ਹੋ ਚੁੱਕੀ ਸੀ। ਸਭ ਤੋਂ ਪਹਿਲਾਂ ਜਿਨ੍ਹਾਂ ਘੇਰਾ ਤੋੜਿਆ, ਉਹਨਾਂ ਵਿਚ ਕੇਹਰਾ ਵੀ ਸ਼ਾਮਲ ਸੀ। ਪੰਦਰਾਂ ਮਿੰਟ ਦੇ ਰੌਲੇ ਤੋਂ ਬਾਦ ਪੁਲਿਸ ਪਿਛੇ ਹਟ ਗਈ। ਇਧਰ ਲੀਡਰਾਂ ਵਲੋਂ ਐਲਾਨ ਹੋਇਆ ਕਿ ਸ਼ਾਂਤੀਪੂਰਨ ਬੈਠਿਆ ਜਾਵੇ। ਸਭ ਕੁਝ ਅੱਗੇ ਵਾਂਗ ਹੀ ਹੋਇਆ। ਪਰ ਏਸ ਵਾਰੀ ਮੈਮੋਰੰਡਮ ਮਜਬੂਰ ਹੋ ਕੇ ਡੀ. ਸੀ. ਆਪ ਲੋਕਾਂ ਵਿਚ ਲੈਣ ਆਇਆ। ਉਹਦੇ ਵਿਚ ਕਿਹਾ ਗਿਆ ਸੀ ਕਿ, 'ਜੇਕਰ ਸਾਡੀਆਂ ਮੰਗਾਂ ਕਲ੍ਹ ਸਵੇਰੇ ਦਸ ਵਜੇ ਤੱਕ ਨਾ ਮੰਨੀਆਂ ਗਈਆਂ ਤਾਂ ਇਹਦੇ ਗੰਭੀਰ ਸਿੱਟੇ ਨਿਕਲਣਗੇ। ਇਹਦੀ ਜ਼ਿੰਮੇਵਾਰ ਗੌਰਮਿੰਟ ਖੁਦ ਹੋਵੇਗੀ।' ਲੋਕ ਅਗੇ ਵਾਂਗ ਫਿਰ ਘਰਾਂ ਨੂੰ ਵਾਪਸ ਚਲ ਪਏ। ਕਾਫ਼ੀ ਸਾਰੇ ਲੋਕਾਂ ਦੇ ਸੱਟਾਂ ਵਜੀਆਂ ਸਨ। ਕੇਹਰੇ ਦੇ ਵੀ ਵੱਖੀਆਂ, ਲੱਤਾਂ, ਬਾਹਾਂ ਤੇ ਪਿੱਠ ਪਿਛੇ ਤਕਰੀਬਨ ਵੀਹ ਲਾਠੀਆਂ ਵੱਜੀਆਂ ਸਨ। ਭਾਵੇਂ ਉਹ ਮਸ੍ਹਾਂ ਤੁਰ ਰਿਹਾ ਸੀ ਪਰ ਫਿਰ ਵੀ ਆਪਣੀ ਮੜਕ ਰੱਖਣੀ ਚਾਹੁੰਦਾ ਸੀ ਕਿ ਸਾਰੀ ਭੀੜ ਕਵੇ, 'ਵੇਖ ਲੋ ਔਹ ਜਾਂਦਾ ਕੇਹਰ ਸਿਹੁੰ ਵੀਹ ਲਾਠੀਆਂ ਖਾ ਕੇ ਟੌਹਰ ਨਾਲ...' ਪਿੰਡ ਜਾਣ ਨਾਲੋਂ ਉਹਨੇ ਆਪਣੇ ਸਹੁਰੀਂ ਹੀ ਜਾਣਾ ਠੀਕ ਸਮਝਿਆ। ਕਿਉਂਕਿ ਦਰਦ ਪਲ ਪਲ ਵਧਦਾ ਹੀ ਜਾ ਰਿਹਾ ਸੀ। ਜਾਣ ਲੱਗੇ ਸੁਰਜੀਤ ਸਿੰਘ ਨੇ ਬੜੇ ਪਿਆਰ ਨਾਲ ਪੁੱਛਿਆ,

'ਕੇਹਰਿਆ ਸੱਟ ਤਾਂ ਨੀ ਬਹੁਤੀ ਵੱਜੀ...।'

'ਨਾ, ਨਾ...ਚਾਚਾ...ਲੋਹੇ ਦੀ ਲੱਠ ਦਾ ਕੀ ਵਿਗੜ ਜੂ...।'

'ਅੱਛਾ ਜਾ ਫਿਰ..।' ਤੇ ਆਪ ਪਿੰਡ ਵੱਲ ਚਲ ਪਿਆ।

ਭਾਵੇਂ ਦਰਦ ਨਾਲ ਉਹ ਸਾਰੀ ਰਾਤ ਨਾ ਸੌਂ ਸਕਿਆ, ਪਰ ਫੇਰ ਵੀ ਉਹਨੇ ਇਹਦੀ ਪ੍ਰਵਾਹ ਨਾ ਕੀਤੀ। ਉਹਨੂੰ ਅੱਜ ਦੀ ਜਿੱਤ ਦੀ ਏਨੀ ਖੁਸ਼ੀ ਸੀ ਕਿ ਦੁੱਖ ਉਹਦੇ ਮਨ ਪਰ ਖੜਦਾ ਹੀ ਨਹੀਂ ਸੀ।

'ਸਾਲਾ! ਵੱਡਾ ਡੀ. ਸੀ. ਆਇਆ ਕਿ ਨਾ ਆਪ ਚਲਕੇ..।' ਫਿਰ ਆਪ ਹੀ ਹੱਸ ਪੈਂਦਾ। ਸਾਰੀ ਰਾਤ ਪਤਾ ਨੀ ਉਹ ਏਦਾਂ ਕਹਿ ਕਹਿ ਕੇ ਕਿੰਨੀ ਵਾਰ ਹੱਸਿਆ ਹੋਵੇਗਾ। ਜਦੋਂ ਸਵੇਰੇ ਉਠਿਆ ਤਾਂ ਉਹਦਾ ਹੱਡ ਹੱਡ ਪੀੜ ਕਰ ਰਿਹਾ ਸੀ। ਸ਼ਾਇਦ ਭੀੜ ਵਿਚ ਸਭ ਤੋਂ ਵੱਧ ਸੱਟਾਂ ਇਹਦੇ ਹੀ ਲੱਗੀਆਂ ਸਨ। ਭਾਵੇਂ ਕੁਝ ਦਿਖਾਵੇ ਲਈ ਜ਼ਿਆਦਾ ਹੀ ਟੇਢੇ ਹੋ ਕੇ ਤੁਰਦੇ ਸਨ। ਪਰ ਇਹ ਤਾਂ ਚਾਂਮਲ ਚਾਮਲ ਕੇ ਸਭ ਤੋਂ ਅੱਗੇ ਜਾਂ ਰਿਹਾ ਸੀ। ਮੰਜੇ ਤੋਂ ਉਹਨੇ ਪਹਿਲਾ ਹੀ ਕਦਮ ਪੁੱਟਿਆ। ਪਰ ਪੀੜ ਨਾਲ ਕੁਰਲਾ ਉਠਿਆ। ਤੇ ਵਾਪਸ ਮੰਜੇ ਤੇ ਜਾ ਬੈਠਾ। ਇਸ ਤਰ੍ਹਾਂ ਦੁਬਾਰਾ ਬੈਠਣ ਨਾਲ ਉਹਨੂੰ ਆਪਣੀ ਬੇਇਜ਼ਤੀ ਮਹਿਸੂਸ ਹੋਈ। ਫਿਰ ਔਖਾ ਸੌਖਾ ਹੋ ਕੇ ਉਹ ਤੁਰਨ

ਵਿਚ ਸਫ਼ਲ ਹੋ ਹੀ ਗਿਆ।

ਹੁਣ ਉਹ ਛੇਤੀ ਤੋਂ ਛੇਤੀ ਪਿੰਡ ਜਾਣਾ ਚਾਹੁੰਦਾ ਸੀ। ਪਤਾ ਨਹੀਂ ਉਹਦੇ ਦਿਲ ਵਿਚ ਇਹ ਵਾਰ ਵਾਰ ਕਿਉਂ ਆਈ ਜਾ ਰਿਹਾ ਸੀ ਜਿਵੇਂ ਸਾਰੇ ਹੀ ਜੱਟ ਉਹਦੇ ਸਵਾਗਤ ਲਈ ਪਿੰਡ ਤੋਂ ਬਾਹਰ ਨਿਕਲਕੇ ਖੜੇ ਨੇ...। ’ਤੇ ਉੱਚੀ 2 ਕਹਿ ਰਹੇ ਨੇ, ‘ਬੜੀ ਕੁਰਬਾਨੀ ਕੀਤੀ ਬਈ ਮੁੰਡੇ ਨੇ.. ਜਮ੍ਹਾ ਨੀ ਗੋਲੀਆਂ ਤੋਂ ਡਰਿਆ...ਸਾਡੀ ਤਾਂ ਇਹਨੇ ਰੱਖ ਵਿਖਾਈ।’ ਪਰ ਸੱਸ ਸਹੁਰੇ ਨੇ ਐਸੀਆਂ ਕਬੀਲਦਾਰੀ ਦੀਆਂ ਗੱਲਾਂ ਛੇੜੀਆਂ ਬੱਸ ਦੁਪਹਿਰਾਂ ਕਰ ਦਿਤੀਆਂ। ਜਦੋਂ ਉਹ ਆਪਣੇ ਪਿੰਡ ਵਿਚ ਵੜ ਰਿਹਾ ਰਿਹਾ ਸੀ ਤਾਂ ਸੂਰਜ ਛਿਪਣ ਨੂੰ ਅੱਧਾ ਕੁ ਘੰਟਾ ਬਾਕੀ ਸੀ।

ਪਹਿਲਾਂ ਤਾਂ ਉਹ ਆਪਣੇ ਘਰ ਵਲ ਮੁੜਨ ਲੱਗਾ, ਫਿਰ ਉਦ੍ਹੇ ਕਦਮ ਆਪ ਮੁਹਾਰੇ ਹੀ ਸੁਰਜੀਤ ਸਿੰਘ ਦੇ ਘਰ ਵੱਲ ਉਹਦੇ ਅੰਦਰ ਇਕ ਅਜੀਬ ਕਿਸਮ ਦਾ ਚਾਅ ਛੱਲਾਂ ਮਾਰਰਿਹਾ ਸੀ। ਉਹਨੂੰ ਏਦਾਂ ਜਾਪਦਾ ਸੀ ਜਿਵੇਂ ਜਾਂਦੇ ਨੂੰ ਹੀ ਸੁਰਜੀਤ ਸਿੰਘ ਦਾ ਸਾਰਾ ਘਰ ਉਹਨੂੰ ਸਿਰ ਤੇ ਚੁੱਕ ਲਵੇਗਾ। ਘਰ ਵੜ੍ਹਦੇ ਸਾਰ ਹੀ ਉਹਦਾ ਸਿਰ ਆਪ ਮੁਹਾਰੇ ਮਾਣ ਨਾਲ ਉੱਚਾ ਹੋ ਗਿਆ। ਉਹ ਬੜੇ ਹੀ ਠਾਠ ਨਾਲ ਕਦਮ ਰੱਖ ਰਿਹਾ ਸੀ। ਉਹਨੇ ਵੇਖਿਆ ਬੈਠਕ ਵਿਚ ਸੁਰਜੀਤ ਸਿੰਘ ਤੇ ਲਾਗਦਾ ਗੁਆਂਢੀ ਰੱਖਾ ਦੋਵੇਂ ਸ਼ਰਾਬ ਪੀ ਰਹੇ ਨੇ।

‘ਉਹ ਆਂ...ਬਈ . ਕੇਹਰ ਸਿਹਾਂ...।’ ਸੁਰਜੀਤ ਸਿਘ ਨੇ ਵੇਖਦੇ ਸਾਰ ਹੀ ਅਵਾਜ਼ ਮਾਰੀ।

‘ਆ...ਆ...ਆਇਆ ਜੀ . ।’ ਮਾਣ ਨਾਲ ਉਹ ਏਨਾ ਹੀ ਕਹਿ ਸਕਿਆ।

‘ਕਿਉਂ ਚਾਚਾ ਬਣਿਆ ਕੁਸ਼.. ।’ ਉਹਨੇ ਪੈਂਦੀ ਸਟੇ ਦੂਜਾ ਸੁਆਲ ਕੀਤਾ।

‘ਹਾਂ . ਹਾਂ ਆ ਗਿਆ ਛੇ ਆਲੀਆਂ ਖਬਰਾਂ ’ਚ ਸਭ ਕੁਸ਼ ਮੰਨ...ਗੇ...ਗੇ...।’

‘ਉਹ ਬੱਲੇ...ਬੱਲੇ.. ਬੱਲੇ...।’ ਉਹ ਏਨਾਂ ਉਚੀ ਸ਼ਾਇਦ ਅੱਜ ਪਹਿਲੀ ਵਾਰ ਬੋਲਆ ਸੀ।

‘ਚਾਚਾ ਮੈਨੂੰ ਵੀ ਮਿਲੂ ਕੁਸ਼...।’ ਉਹਨੇ ਬੜੇ ਚਾਅ ਨਾਲ ਪੁੱਛਿਆ।

‘ਸੋਹਰਿਆ...ਤੇਰੇ ਕਿਹੜੇ ਮਰੱਬੇ ਐ...ਪਈ ਤੈਨੂੰ ਵੱਧ ਭਾਅ ਮਿਲਜੂ।’

ਸੁਣਦੇ ਸਾਰ ਹੀ ਉਹਦਾ ਸਾਰਾ ਸਰੀਰ ਸੁੰਨ ਹੋ ਗਿਆ। ਖੁਸ਼ੀ ਪਤਾ ਨਹੀਂ ਕਿਹੜੇ ਪਹੇ ਪੈ ਗਈ ਸੀ। ਡਿਗਦਾ ਡਿਗਦਾ ਉਹ ਮਸ੍ਹਾਂ ਹੀ ਬਚਿਆ। ਬੜਾ ਜਿਹਾ ਸੰਭਲ ਕੇ ਉਹਨੇ ਥਿੜਕਦੇ ਹੋਏ ਲਫ਼ਜ਼ਾਂ ਨਾਲ ਕਿਹਾ,

‘ਲਿਆ.. ਚਾ...ਚਾ...ਘੁੱ...ਟ...ਪਿ...ਲਾ... ਤਾਂ.. ਦੇ।’

‘ਆ ਕੇ ਪੀਲੀਂ’...ਪਹਿਲਾਂ ਇਕ ਭਰੀ ਕੱਖਾਂ ਦੀ ਲੈ ਆ...ਸਵੇਰ ਦੇ ਡੰਗਰ ਭੁੱਖੇ ਖੜੇ ਐ...।’

ਇਸ ਤੋਂ ਬਾਅਦ ਉਹਨੂੰ ਕੋਈ ਪਤਾ ਨਹੀਂ ਸੀ ਕਿ ਕਦੋਂ ਉਹਨੇ ਦਾਤੀ ਚੁੱਕੀ, ਕਦੋਂ ਕੱਖਾਂ ਵਾਲੀ ਪੱਲੀ ਤੇ ਕਦੋਂ ਡਿਗਦਾ ਢਹਿੰਦਾ ਘਰ ਤੋਂ ਬਾਹਰ ਨਿਕਲ ਗਿਆ। ਖੇਤਾਂ ਦੀ ਬਜਾਏ ਉਹਦੇ ਕਦਮ ਆਪ ਮੁਹਾਰੇ ਹੀ ਆਪਣੇ ਘਰ ਵਲ ਮੁੜ ਗਏ। ਜਿਵੇਂ ਓਹਨੂੰ ਉਥੇ ਕਿਸੇ ਸਹਾਰੇ ਦੀ ਆਸ ਹੋਵੇ। ਪਰ ਦੇਲੀ ਕੋਲ ਜਾ ਕੇ ਉਹਦੇ ਕਦਮ ਆਪ ਮੁਹਾਰੇ ਹੀ ਰੁਕ ਗਏ। ਉਹਨੂੰ ਏਦਾਂ ਜਾਪਿਆ ਜਿਵੇਂ ਹੁਣੇ ਮੀਤੋ ਹੱਸਦੀ ਹਸਾਉਂਦੀ ਪੁਛੇਗੀ,

‘ਅੜਿਆ ਕਿਵੇਂ ਰਹੀ ਤੇਰੀ ਸਾਂਝੀ ਲੜਾਈ।’

ਥਿੜਕਦੇ ਹੋਏ ਕਦਮ ਫਿਰ ਖੇਤਾਂ ਨੂੰ ਜਾ ਰਹੇ ਨੇ . । ਕੱਲ੍ਹ ਦੀਆਂ ਸੱਟਾਂ ਦਾ ਦਰਦ ਵਧਦਾ ਜਾ ਰਿਹੈ ...ਵਧਦਾ ਹੀ ਜਾ ਰਿਹੈ.. । ੦

---

## ਮੈਨੂੰ ਬਸ ਮਨੁੱਖ ਹੀ ਰਹਿਣ ਦਿਓ

**ਗੁਰਬਖਸ਼ ਜੱਸ**

ਮਨੁੱਖ ਦਾ ਬੱਚਾ ਹਾਂ
ਮੈਨੂੰ ਬਸ ਮਨੁੱਖ ਹੀ ਰਹਿਣ ਦਿਓ
ਹਿੰਦੂ ਮੁਸਲਮ ਸਿੱਖ ਬਣਾਕੇ ਮੈਨੂੰ ਐਵੇਂ ਜ਼ਲੀਲ ਨਾ ਕਰੋ
ਮੈਂ ਸਪਾਰਟਸਕਸ ਦਾ ਵਾਰਸ ਹਾਂ
ਮੈਨੂੰ ਉਹ ਵਕਤ ਵੀ ਚੰਗੀ ਤਰ੍ਹਾਂ ਯਾਦ ਹੈ
ਜਦੋਂ ਗ਼ੁਲਾਮਾਂ ਦੀ ਮੰਡੀ ਵਿਚ
ਭੇਡਾਂ ਬਕਰੀਆਂ ਵਾਂਗ
ਖਰੀਦਿਆ ਅਤੇ ਵੇਚਿਆ ਜਾਂਦਾ ਰਿਹਾ
ਮੈਂ ਤਾ ਅੱਜ ਵੀ ਗੁਲਾਮੀ ਦੀਆਂ ਜ਼ੰਜੀਰਾਂ ਵਿਚ ਕੈਦ ਹਾਂ
ਸੁਤੰਤਰਤਾ ਅਜੇ ਵੀ ਮੇਰੇ ਲਈ ਇਕ ਦੂਰ ਦਾ ਸੁਪਨਾ ਹੈ
ਪਰ ਇਹ ਵੀ ਤਾਂ ਸੱਚ ਹੈ
ਇਹ ਜ਼ੰਜੀਰਾਂ ਮੈਨੂੰ ਕਿਸੇ ਹੋਰ ਨੇ ਨਹੀਂ
ਧਰਮ ਨੇ ਹੀ ਪਹਿਨਾਈਆਂ ਨੇ
‘ਅਲਗ ਕੌਮ’ ਦੇ ਨਾਹਰੇ ਨਾਲ ਇਹ ਹੋਰ ਵੀ ਪੀਡੀਆਂ ਹੋਈਆਂ ਨੇ
ਮੈਂ ਤਾਂ ਪਹਿਲਾਂ ਹੀ ਪੂੰਜੀਦਾਰਾਂ ਦੀਆਂ ਜ਼ੰਜੀਰਾਂ ਵਿਚ ਨੂੜਿਆ ਪਿਆ ਸਾਂ
ਜਿਸ ਦਿਨ ਤੁਹਾਡੇ ਉਤੇ ‘ਅਲਗ ਕੌਮ’ ਦਾਂ ਭੂਤ ਸੁਆਰ ਹੋਇਆ ਸੀ
ਜਦੋਂ ਤੁਹਾਨੂੰ ‘ਧਰਮ ਯੁੱਧ’ ਦਾ ਖੁਆਬ ਆਇਆ ਸੀ
ਜਦੋਂ ਤੁਹਾਡੇ ‘ਪੰਥ ਨੂੰ ਖਤਰਾ’ ਹੋਇਆ ਸੀ
ਤੁਹਾਨੂੰ ਪਤਾ ਹੈ ?
ਉਸ ਦਿਨ ‘ਹਿੰਦੂ ਸੰਸਕ੍ਰਿਤੀ’ ਨੂੰ ਵੀ ਖਤਰਾ ਹੋ ਗਿਆ ਸੀ

ਮੰਦਰਾਂ ਅਤੇ ਮਸਜਿਦਾਂ ਵਿਚੋਂ ਨਫਰਤ ਦੀ ਬਿਜਲੀ
ਲਹਿਰਾ ਗਈ ਸੀ
ਪਰ ਮੈਂ ਤਾਂ ਉਸ ਦਿਨ ਰੁਜ਼ਗਾਰ ਦੀ ਭਾਲ ਵਿਚ ਨਿਕਲਿਆ
ਖਾਲੀ ਹੱਥੀਂ ਘਰ ਪਰਤਿਆ ਸੀ
ਮੈਂ ਤੇ ਮੇਰੇ ਬੱਚਿਆਂ ਭੁੱਖਿਆਂ ਰਾਤ ਗੁਜ਼ਾਰੀ ਸੀ
ਕਿਤੇ ਦੂਰ ਲੈ ਜਾਓ ਇਹ ਜ਼ਹਿਰੀਲੇ ਬੋਲ
ਮੈਨੂੰ ਇਹ ਮਨੁੱਖਤਾ ਦੇ ਕਤਲ ਦਾ ਸੁਨੇਹਾ ਦੇ ਰਹੇ ਨੇ
ਮੈਥੋਂ ਦੂਰ ਲੈ ਜਾਓ 'ਧਰਮ ਯੁੱਧ' ਦੇ ਜੰਗਲੀ ਸ਼ੇਰ ਨੂੰ
ਇਹ ਮੇਰੇ ਭੁਖੇ ਬਚਿਆਂ ਨੂੰ ਰੋਟੀ ਨਹੀਂ ਦੇ ਸਕਦਾ
ਮੈਨੂੰ ਤਾਂ ਸਗੋਂ ਇਉਂ ਲਗਦਾ ਏ
ਇਹ ਮੇਰੇ ਹੱਥ ਵਿਚੋਂ ਅੱਧੀ ਵੀ ਖੋਹ ਲਵੇਗਾ
ਤੁਸੀਂ ਸਾਰੇ ਮਗਰਮੱਛ ਬਣਕੇ ਮੇਰੀ ਕਿਰਤ ਹੜਪਦੇ
ਆਏ ਹੋ
ਤੁਸੀਂ ਮੇਰੀ ਕੀ ਗੱਲ ਕਰਦੇ ਹੋ
ਮੈਂ ਤਾਂ ਪਹਿਲਾਂ ਹੀ ਬਹੁਤ ਜ਼ਲੀਲ ਹੋਇਆ ਹਾਂ
ਪੰਜਾਹ ਜਾਂ ਸੌ ਨਹੀਂ
ਹਜ਼ਾਰਾਂ ਸਾਲਾਂ ਤੋਂ ਜਬਰ ਜ਼ੁਲਮ ਸਹਿੰਦਾ ਆਇਆ ਹਾਂ
ਤੁਹਾਡੀ ਚੌਧਰ ਦੇ ਸਵਾਲ ਨੇ
ਮੈਨੂੰ ਹਮੇਸ਼ਾ ਬਲੀ ਦਾ ਬੱਕਰਾ ਬਣਾਇਆ ਏ
ਬਸ ਮੈਨੂੰ ਹੋਰ ਜ਼ਲੀਲ ਨਾ ਕਰੋ
ਮਨੁੱਖਤਾ ਦੀ ਐਵੇਂ ਤੌਹੀਨ ਨਾ ਕਰੋ
ਮੈਂ ਹੁਣ ਹੋਰ ਜ਼ੁਲਮ ਨਹੀਂ ਸਹਿ ਸਕਦਾ
ਜਬਰ ਦਾ ਮੂੰਹ ਨਾ ਮੋੜਾਂ ਤਾਂ ਹੋਰ ਕੀ ਕਰਾਂ
ਮੈਨੂੰ ਮਨੁੱਖਤਾ ਦਾ ਦਮ ਭਰਨ ਦਿਓ
ਇਹ ਸੱਚਾ ਕੰਮ ਹੈ
ਮੈਨੂੰ ਇਹ ਕੰਮ ਕਰਨ ਦਿਓ
ਮੇਰੀ ਤਾਂ ਮੰਜ਼ਿਲ ਬਹੁਤ ਦੂਰ ਹੈ
ਧਰਮਾਂ ਜਾਤਾਂ ਦੇ ਆਦਮਖਾਣੇ ਜੰਗਲ ਤੋਂ ਦੂਰ
ਵਹਿਮਾਂ ਭਰਮਾਂ ਦੀ ਹਨੇਰ ਬਸਤੀ ਤੋਂ ਦੂਰ
ਸੱਚੀ ਸੁੱਚੀ ਕਿਰਤ ਦਾ ਨੋਗਰ ਵਸਾਣਾ ਹੈ
ਹੁੰਦੀ ਆਈ ਹੈ ਉਨ੍ਹਾਂ ਦੀ ਲੁੱਟ ਕਿਵੇਂ
ਇਹ ਕਿਰਤੀਆਂ ਨੂੰ ਦਰਸਾਣਾ ਹੈ
ਮੇਰਾ ਰਾਹ ਨਾ ਰੋਕੋ
ਮੈਂ ਤਾਂ ਬਹੁਤ ਦੂਰ ਜਾਣਾ ਹੈ
ਤੁਸੀਂ ਜਿਹੜੇ ਧਰਮ ਤੇ ਮਾਣ ਕਰਦੇ ਹੋ
ਇਹਨੇ ਕਿੰਨੇ ਹੀ ਈਸਾ ਸੂਲੀ ਚਾੜ੍ਹੇ ਨੇ
ਕਿੰਨੇ ਹੀ ਸੁਕਰਾਤਾਂ ਨੂੰ ਜ਼ਹਿਰ ਪਲਾਈ ਏ
ਕਿੰਨੇ ਹੀ ਮਨਸੂਰਾਂ ਦੇ ਕਤਲ ਕਰਵਾਏ ਨੇ
ਉਹ ਨਾਸਤਕ ਨਹੀਂ ਸਨ
ਉਹ ਧਰਮ ਦੇ ਠੇਕੇਦਾਰ ਹੀ ਸਨ
ਜਿਨ੍ਹਾਂ ਈਸਾ ਨੂੰ ਸੂਲੀ ਚਾੜ੍ਹਿਆ
ਸੁਕਰਾਤ ਨੂੰ ਜ਼ਹਿਰ ਪਿਲਾਈ
ਮਨਸੂਰ ਦਾ ਕਤਲ ਕਰਵਾਇਆ
ਇਹ ਪ੍ਰਕਿਰਿਆ ਅਜੇ ਵੀ ਰੁਕੀ ਨਹੀਂ
ਸਚ ਦਾ ਕਤਲੇਆਮ ਅੱਜ ਵੀ ਜਾਰੀ ਹੈ
ਅਜੇ ਤਾਂ ਕੁਝ ਵੀ ਪਤਾ ਨਹੀਂ
ਸਚ ਨੂੰ ਕਿੰਨੀ ਵਾਰ ਸੂਲੀ ਚੜਨਾ ਪੈਣਾ ਹੈ
ਅਜ ਫੇਰ ਕੁਝ ਧਾਰਮਕ ਜਨੂੰਨੀ ਇਕਠੇ ਹੋਏ ਨੇ
ਉਹ ਅਜ ਫੇਰ ਕਿਸੇ ਈਸਾ ਨੂੰ ਸੂਲੀ ਚਾੜਨਗੇ
ਕਿਸੇ ਸੁਕਰਾਤ ਨੂੰ ਜ਼ਹਿਰ ਪੀਣ ਲਈ ਮਜ਼ਬੂਰ ਕਰਨਗੇ
ਕਿਸੇ ਮਨਸੂਰ ਦਾ ਕਤਲ ਕਰਨਗੇ
ਅਜ ਦਾ ਈਸਾ ਜ਼ਰੂਰੀ ਨਹੀਂ ਕੋਈ ਆਸਤਕ ਹੋਵੇ
ਅਜ ਦਾ ਈਸਾ ਨਾਸਤਕ ਭਗਤ ਸਿੰਘ ਵੀ ਹੋ ਸਕਦਾ ਹੈ
ਉਹ ਕਮਿਊਨਿਸਟ ਸ਼ਹੀਦ ਜੂਲੀਅਸ ਫਿਊਚਕ ਵੀ ਹੋ
ਸਕਦਾ ਹੈ
ਮੈਨੂੰ ਹਿੰਦੂ ਬਣਾਕੇ ਮੁਸਲਮਾਨਾਂ ਦਾ ਦੁਸ਼ਮਣ ਨਾ ਬਣਾਓ
ਮੈਨੂੰ ਮੁਸਲਮਾਨ ਬਣਾਕੇ ਹਿੰਦੂਆਂ ਦਾ ਦੁਸ਼ਮਣ ਨਾ ਬਣਾਓ
ਮੈਂ ਤਾਂ ਆਦਿ ਜੁਗਾਦਿ ਤੋਂ ਮਨੁੱਖ ਸਾਂ
ਮਨੁੱਖ ਹਾਂ
ਮਨੁੱਖ ਹੀ ਰਹਾਂਗਾ
ਮੈਨੂੰ ਬੱਸ ਮਨੁੱਖ ਹੀ ਰਹਿਣ ਦਿਉ
o

## ਸਾਡਾ ਭਗਤ ਸਿੰਘ

### ਅਮਰਜੀਤ ਚੰਦਨ

ਪੰਜਾਬ ਦਾ ਇਸ ਸਦੀ ਦਾ ਸਭ ਤੋਂ ਉਘਾ ਲੋਕ-ਨਾਇਕ ਭਗਤ ਸਿੰਘ ਪੰਜਾਬ ਦੀ ਸਮੂਹ ਸੰਵੇਦਨਾ ਦਾ ਅਟੁੱਟ ਅੰਗ ਬਣ ਚੁੱਕਾ ਹੈ। ਆਮ ਬੰਦਾ ਉਸ ਨੂੰ ਭਗਤ ਸਿੰਘ ਦੱਤ ਕਰਕੇ ਯਾਦ ਕਰਦਾ ਹੈ। ਆਮ ਬੰਦੇ ਦੇ ਜ਼ਿਹਨ ਵਿਚ ਭਗਤ ਸਿੰਘ ਦਾ ਤਸੱਵੁਰ ਟੋਪ ਵਾਲਾ ਖ਼ੂਬਸੂਰਤ ਨੌਜਵਾਨ ਹੈ, ਜੋ ਭਰ ਜਵਾਨੀ ਵਿਚ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਜੂਲਾ ਲਾਹੁਣ ਲਈ ਫ਼ਾਂਸੀ ਚੜ੍ਹ ਗਿਆ ਸੀ। ਇਹ ਸਤਿਕਾਰ ਅਤੇ ਅਹਸਾਨਮੰਦੀ ਦੀ ਭਾਵਨਾ ਭਗਤ ਸਿੰਘ ਨੂੰ ਕਿਸੇ ਸਿਆਸੀ ਤੇ ਧਾਰਮਿਕ ਚੌਖਟੇ ਵਿਚ ਨਹੀਂ ਰੱਖਦੀ। ਉਹਨਾਂ ਲਈ ਭਗਤ ਸਿੰਘ ਸਿਰਫ਼ ਸ਼ਹੀਦ ਭਗਤ ਸਿੰਘ ਹੈ, ਹੈ; ਕੋਈ ਸਿੱਖ, ਆਰੀਆ ਕਾਂਗਰਸੀ ਜਾਂ ਕਮਿਊਨਿਸਟ ਨਹੀਂ। ਸ਼ਾਇਦ ਕੋਈ ਹੀ ਪੰਜਾਬੀ ਹੋਵੇਗਾ, ਜੋ ਭਗਤ ਸਿੰਘ, ਦਾ ਨਾਂ ਨਾ ਜਾਣਦਾ ਹੋਵੇ।

ਭਗਤ ਸਿੰਘ ਦੇ ਹਰਮਨ ਪਿਆਰੇ ਹੋਣ ਦਾ ਸਿਆਸੀ ਪੱਖ ਵੀ ਹੈ, ਜਿਹਨੂੰ ਆਮ ਸਾਦਾ ਦਿਲ ਬੰਦਾ ਤਾਂ ਨਹੀਂ ਸਮਝਦਾ, ਪਰ ਭਗਤ ਸਿੰਘ ਦੇ ਨਾਂ ਨੂੰ ਆਪਣੇ

ਗ਼ਰਜ਼ ਲਈ ਵਰਤਣ ਵਾਲੇ ਖ਼ੂਬ ਚੰਗੀ ਤਰ੍ਹਾਂ ਜਾਣਦੇ ਹਨ। ਸੰਨ ਸੰਨਤਾਲੀ ਮਗਰੋਂ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਚ ਉਹਦੀ ਸ਼ਹੀਦੀ ਵਾਲੇ ਦਿਨ ਲਗਦਾ ਮੇਲਾ ਵਿਸਾਖੀ, ਦੁਸਹਿਰੇ ਵਰਗਾ ਮੇਲਾ ਹੋ ਗਿਆ ਹੈ, ਇਸ ਵਿਚ ਹਰ ਭਾਂਤ ਦੇ ਲੋਕ ਆਪਣੀਆਂ ਸਟੇਜਾਂ ਲਾਉਂਦੇ ਹਨ। ਹੁਣ ਤਾਂ ਕੂਕੇ ਵੀ ਹਰ ਵਾਰ ਅਖੰਡ ਪਾਠ ਰੱਖਣ ਲੱਗ ਪਏ ਹਨ। ਓਥੇ ਕਾਂਗਰਸੀ ਹੁੰਦੇ ਹਨ, ਜਿਹਨਾਂ ਦੇ ਬਾਪੂ ਗਾਂਧੀ ਮਹਾਤਮਾ ਨੇ ਭਾਵੇਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸਿੱਧਾ ਦਖ਼ਲ ਦੇ ਕੇ ਫ਼ਾਂਸੀ ਤਾਂ ਨਹੀਂ ਸੀ ਲਵਾਇਆ, ਪਰ ਉਹਦਾ ਉਦੋਂ ਇੰਨਾ ਕੁ ਸਿਆਸੀ ਰਸੂਖ਼ ਜ਼ਰੂਰ ਸੀ, ਕਿ ਉਹ ਭਗਤ ਸਿੰਘ, ਤੇ ਉਹਦੇ ਸਾਥੀਆਂ ਨੂੰ ਫਾਹੇ ਲਾਉਣੋਂ ਹਟਾ ਸਕਦਾ ਸੀ। ਅਕਾਲੀ ਤੇ ਜਨਸੰਘੀ ਵੀ ਸਟੇਜਾਂ ਲਾਉਂਦੇ ਹਨ, ਭਾਵੇਂ ਕਿ ਭਗਤ ਸਿੰਘ ਦਾ ਫ਼ਲਸਫ਼ਾ ਨਾ ਤਾਂ ਧਾਰਮਿਕ ਰੂਪ ਵਿਚ ਅਤੇ ਨਾ ਸਿਆਸੀ ਰੂਪ ਵਿਚ ਉਹਨਾਂ ਨਾਲ ਕਿਤੇ ਵੀ ਮੇਲ ਨਹੀਂ ਖਾਂਦਾ। ਕਾਂਗਰਸ ਪਾਰਟੀ ਨੇ ਪੰਦਰਾਂ ਕੁ ਸਾਲ ਪ੍ਰਹਿਲਾਂ ਭਗਤ ਸਿੰਘ ਦੇ ਨਾਂ 'ਤੇ ਲੱਖਾਂ ਰੁਪਈਆਂ ਦਾ ਫ਼ੰਡ ਇਕੱਠਾ ਕੀਤਾ ਸੀ। ਐਂਤਕੀਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਭਗਤ ਸਿੰਘ, ਤੇ ਸਾਥੀਆਂ ਦੀਆਂ ਸਮਾਧਾਂ ਤੇ ਫੁਲ ਚੜ੍ਹਾਉਣ ਗਿਆ। ਪਹਿਲਾਂ ਕਾਂਗਰਸ ਸਰਕਾਰ ਭਗਤ ਸਿੰਘ ਦੀ ਡਾਕ ਟਿਕਟ ਜਾਰੀ ਕਰ ਚੁਕੀ ਹੈ; ਕਈ ਬੁੱਤ ਖੜ੍ਹੇ ਕਰ ਚੁਕੀ ਹੈ ਤੇ ਕਈਆਂ ਸੜ੍ਹਕਾਂ ਅਤੇ ਕਲੋਨੀਆਂ ਦੇ ਨਾਂ ਭਗਤ ਸਿੰਘ ਦੇ ਨਾਂ 'ਤੇ ਰੱਖ ਚੁਕੀ ਹੈ। ਕੀ ਇਹਦਾ ਭਾਵ ਹੈ ਕਿ ਕਾਂਗਰਸ ਅਕਾਲੀ ਜਾਂ ਹੋਰ ਸਰਮਾਏਦਾਰ ਪਾਰਟੀਆਂ ਦਾ ਭਗਤ ਸਿੰਘ ਦੀ ਕਮਿਊਨਿਸਟ, ਫ਼ਲਾਸਫ਼ੀ ਨਾਲ ਕੋਈ ਹੇਜ ਹੈ ? ਨਹੀਂ, ਬਿਲਕੁਲ ਨਹੀਂ, । ਇਹਨਾਂ ਦਾ ਇਕੋ ਇਕ ਮਕਸਦ ਹੈ, ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣਾ ਅਤੇ ਆਪਣੀ ਲੁਟ-ਖੋਹ ਜਾਰੀ ਰੱਖਣਾ। ਭਗਤ ਸਿੰਘ ਦੇ ਨਾਂ ਤੇ ਉਗਰਾਹਿਆ ਪੈਸਾ ਕਾਂਗਰਸ ਪਾਰਟੀ ਨੇ ਹਾਲੇ ਤਕ ਕਿਤੇ ਨਹੀਂ ਵਰਤਿਆ। ਭਗਤ ਸਿੰਘ ਦੀਆਂ ਲਿਖਤਾਂ ਦੀ ਕਿਤਾਬ ਛਾਪਣ ਲਈ (ਜਿਸ 'ਤੇ ਮਸਾਂ 25 ਹਜ਼ਾਰ ਰੁਪਈਆ ਖ਼ਰਚ ਆਵੇਗਾ) ਇਕ ਪਾਈ ਵੀ ਦੇਣ ਲਈ ਤਿਆਰ ਨਹੀਂ । ਕਿਉਂ ? ਕਿਉਂਕਿ ਇਹਨਾਂ ਲਿਖਤਾਂ ਵਿਚ ਇਹਨਾਂ ਕਾਂਗਰਸੀਆਂ ਤੇ ਮਜ਼ਹਬੀ ਫ਼ਿਰਕਾਪ੍ਰਸਤਾਂ ਦੇ ਮੁਖੌਟੇ ਲੀਰੋ-ਲੀਰ ਹੋਏ ਮਿਲਦੇ ਹਨ।

ਭਗਤ ਸਿੰਘ ਦੀ ਨਿੱਕੀ ਜਿਹੀ 23 ਸਾਲਾਂ ਦੀ ਜ਼ਿੰਦਗੀ ਸਾਡੇ ਇਤਿਹਾਸ ਦਾ ਅਦਭੁਤ ਵਰਤਾਰਾ ਹੈ। ਮਾਰਕਸਵਾਦੀ ਇਤਿਹਾਸਕਾਰ ਪ੍ਰੋਫ਼ੈਸਰ ਬਿਪਨ ਚੰਦਰ ਨੇ ਭਗਤ ਸਿੰਘ ਦੇ ਮਸ਼ਹੂਰ ਲੇਖ "ਮੈਂ ਨਾਸਤਕ ਕਿਉਂ ਹਾਂ" ਦੀ ਜਾਣ ਪਛਾਣ ਵਿਚ ਬੜੀ ਠੀਕ ਗੱਲ ਲਿਖੀ ਹੈ: "ਸਾਡੇ ਲੋਕਾਂ ਨਾਲ ਬਹੁਤ ਵੱਡੇ ਦੁਖਾਂਤ ਵਾਪਰੇ ਹਨ। ਸਾਡੇ ਨਾਲ ਸਭ ਤੋਂ ਵੱਡਾ ਦੁਖਾਂਤ ਇਹ ਵਾਪਰਿਆ ਕਿ ਬਸਤੀਵਾਦੀ ਹਾਕਮਾਂ ਨੇ ਸਾਡੇ ਇਸ ਅਲੋਕਾਰ ਬੁਧ ਵਾਲੇ ਦਿਮਾਗ ਨੂੰ ਛੋਟੀ ਉਮਰ ਵਿਚ ਹੀ ਸੋਚਣੋਂ ਬੰਦ ਕਰ ਦਿਤਾ।"

ਸਾਡੇ ਸਮਾਜ ਵਿਚ ਤਾਂ ਆਮ ਬੰਦੇ ਨੂੰ 25 ਸਾਲ ਦੀ ਉਮਰ ਤਕ ਅਪੜ ਕੇ ਦੀਨ ਦੁਨੀਆਂ ਦਾ ਮਾੜਾਮੋਟਾ ਪਤਾ ਪੰਤਾ ਲਗਣ ਲੱਗਦਾ ਹੈ। ਪਰ ਭਗਤ ਸਿੰਘ ਨੇ 21 ਸਾਲ ਦੀ ਉਮਰ ਤਕ (ਅਗਲੇ ਦੋ ਸਾਲ ਜੇਲ੍ਹ ਵਿਚ ਬੀਤੇ) ਬਿਨਾਂ ਕਿਸੇ ਅਗਵਾਈ ਦੇ ਦੁਨੀਆਂ ਦੇ ਹਰ ਭਾਂਤ ਦੇ ਸਾਹਿਤ ਦਾ ਏਨਾ ਡੂੰਘਾ ਮੁਤਾਲਿਆ ਕਰ ਲਿਆ ਸੀ ਕਿ ਜਾਣ ਕੇ ਬਹੁਤ ਹੈਰਾਨੀ ਹੁੰਦੀ ਹੈ। ਖ਼ੈਰ, ਭਗਤ ਸਿੰਘ ਦਾ ਬੌਧਿਕ ਵਿਕਾਸ ਤਾਂ ਉਹਦੀ ਲਿਖੀ ਜਾਣ ਵਾਲੀ ਜੀਵਨੀ ਦਾ ਮਜ਼ਮੂਨ ਹੈ; ਪਰ ਸੰਖੇਪ ਰੂਪ ਵਿਚ ਗੱਲ ਇਸ ਤਰ੍ਹਾਂ ਹੈ ਕਿ ਭਗਤ ਸਿੰਘ, ਦੀ ਸੁਚੇਤ ਜ਼ਿੰਦਗੀ ਨੂੰ ਤਿੰਨ ਪੜਾਵਾਂ ਵਿਚ, ਵੰਡਿਆ ਜਾ ਸਕਦਾ ਹੈ :

ੳ) ਰਾਸ਼ਟਰਵਾਦ।

ਅ) ਇਨਕਲਾਬੀ ਦਹਿਸ਼ਤਵਾਦ ਤੇ।

ੲ) ਮਾਰਕਸਵਾਦ। ਮੰਦੇ ਭਾਗਾਂ ਨੂੰ ਭਗਤ ਸਿੰਘ ਦਾ ਮਾਰਕਸਵਾਦੀ ਚਿੰਤਨ ਤੇ ਸਿਧਾਂਤਕਾਰ ਹੋਣ ਵਾਲਾ ਪੱਖ ਬਹੁਤ ਘੱਟ ਜਾਣਿਆ ਜਾਂਦਾ ਹੈ। ਨਤੀਜੇ ਵਜੋਂ ਹਰ ਤਰ੍ਹਾਂ ਦੇ ਪ੍ਰਤੀਗਾਮੀ ਪੁਰਾਤਨ-ਪੰਥੀਏ ਤੇ ਹਿੰਦੂ ਸਿੱਖ ਫ਼ਿਰਕਾਪ੍ਰਸਤ ਭਗਤ ਸਿੰਘ ਅਤੇ ਉਹਦੇ ਸਾਥੀਆਂ ਦੇ ਨਾਵਾਂ ਨੂੰ ਬੇਈਮਾਨੀ ਨਾਲ ਆਪਣੀ ਆਪਣੀ ਸਿਆਸਤ ਵਾਸਤੇ ਵਰਤਦੇ ਰਹੇ ਹਨ। ਇਸਤੋਂ ਹੋਰ ਵੀ ਵਧ ਮਾੜੀ ਗੱਲ ਇਹ ਹੈ ਕਿ ਪੰਜ ਸਾਲ ਪਹਿਲਾਂ ਪੰਜਾਬੀ ਸਾਹਿਤਕ ਹਸਤੀ ਸੰਤ ਸਿੰਘ ਸੇਖੋਂ ਨੇ ਭਗਤ ਸਿੰਘ ਵਿਰੁਧ ਕੁਫ਼ਰ ਤੋਲਿਆ ਸੀ ਤੇ ਉਹਦੀ ਬੋਲੀ 'ਸਿਰਜਣਾ' ਨਾਮੀ ਪਰਚੇ ਨੇ ਆਪਣੇ ਅੰਕਾਂ ਵਿਚ ਬੋਲਣੀ ਜਾਰੀ ਰੱਖੀ ਸੀ। ਸੇਖੋਂ ਤੇ 'ਸਿਰਜਣਾ' ਦਾ ਇਹ ਰੋਲ ਨਿਰੀ ਅਗਿਆਨਤਾ ਦੇ ਕਾਰਣ ਸੀ। ਇਹ ਭਗਤ ਸਿੰਘ ਦੀ ਜ਼ਿੰਦਗੀ ਦੇ ਪਹਿਲੇ ਦੋ ਪੱਖਾਂ ਨੂੰ ਹੀ ਵੇਖਦੇ ਹਨ, ਉਹਦੇ ਮਾਰਕਸਵਾਦੀ ਚਿੰਤਕ ਹੋਣ ਵਾਲੇ ਤੀਜੇ ਪੱਖ ਨੂੰ ਨਹੀਂ।

ਕੁਝ ਕੱਟੜ ਸਿੱਖਾਂ ਨੂੰ ਹਰ ਸਾਲ ਭਗਤ ਸਿੰਘ ਦੇ ਸ਼ਹੀਦੀ ਦਿਨ ਦੇ ਲਾਗੇ ਆ ਕੇ ਹੌਲ ਪੈਣ ਲਗਦੇ ਹਨ ਤੇ ਉਹਨਾਂ ਦਾ ਸਾਰਾ ਜ਼ੋਰ ਜਿਸ ਗੱਲ ਨੂੰ ਸਾਬਤ ਕਰਨ ਤੇ ਲਗ ਜਾਂਦਾ ਹੈ ਕਿ ਭਗਤ ਸਿੰਘ ਫਾਂਸੀ ਚੜ੍ਹਣ ਤੋਂ ਪਹਿਲਾਂ ਆਪਣੇ ਮਾਰਕਸਵਾਦੀ ਵਿਚਾਰਾਂ ਨੂੰ ਤਿਆਗ ਕੇ ਮੁੜ ਆਸਤਕ ਹੋ ਗਿਆ ਸੀ। ਉਹ ਹਵਾਲਾ ਕਿਸੇ ਸੰਤ ਰਣਧੀਰ ਸਿੰਘ ਦਾ ਦਿੰਦੇ ਹਨ,, ਜੋ ਹੁਣ ਜਿਉਂਦਾ ਨਹੀਂ

ਹੈ। ਉਹਦੀ ਜਵਾਬਤਲਬੀ ਮੁਮਕਨ ਨਹੀਂ। ਕਿਸੇ ਠੋਸ ਇਤਿਹਾਸਕ ਗਵਾਹੀ ਦੇ ਨਾ ਹੋਣ ਦੀ ਸੂਰਤ ਵਿਚ ਭਾਈ ਰਣਧੀਰ ਸਿੰਘ ਦੀਆਂ ਗੱਲਾਂ ਦਾ ਬਾਦਲੀਲ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹਾਂ।

ਸਭ ਤੋਂ ਪਹਿਲਾਂ ਭਗਤ ਸਿੰਘ ਦੀ ਮੰਜੇ ਤੇ ਬੈਠੇ ਦੀ ਤਸਵੀਰ ਦਾ ਨਿਬੇੜਾ ਕਰ ਲੈਣਾ ਚਾਹੀਦਾ ਹੈ। ਇਸ ਤਸਵੀਰ ਦੀ ਪੂਰੀ ਕਹਾਣੀ ਆਰਸੀ (ਮਾਰਚ 80) ਵਿਚ ਛਪ ਚੁੱਕੀ ਹੈ। ਸਾਰ ਇਹ ਹੈ, ਕਿ ਇਹ ਤਸਵੀਰ ਮਈ 1927 ਦੀ ਲਾਹੌਰ ਦੀ ਹੈ, ਜਦ ਭਗਤ ਸਿੰਘ ਪਹਿਲੀ ਵਾਰੀ ਕਿਸੇ ਝੂਠੇ ਕੇਸ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਮੰਜੇ ਦੇ ਨਾਲ ਕਰਸੀ ਉਤੇ ਚਿੱਟੇ ਲੀੜਿਆਂ ਵਾਲਾ ਸਿੱਖ ਕੋਈ ਸੀ. ਆਈ. ਡੀ. ਦਾ ਕਾਰਕੁੰਨ ਹੈ। (ਖੋਜ ਕੀਤਿਆਂ ਇਹ ਵੀ ਪਤਾ ਲਗ ਸਕਦਾ ਹੈ ਕਿ ਇਹ ਕੌਣ ਸੀ ਤੇ ਇਸਦਾ ਥਹੁ ਟਿਕਾਣਾ ਕੀ ਸੀ। ਭਗਤ ਸਿੰਘ ਦੀ ਇਸ ਤਸਵੀਰ ਨੂੰ ਖ਼ਾਸ ਕਰ ਕੱਟੜ ਸਿੱਖਾਂ ਨੇ ਬੜਾ ਤਰੋੜ-ਮਰੋੜ ਕੇ ਪੇਸ਼ ਕੀਤਾ ਹੈ। ਕਈ ਸਾਲ ਤਾਂ ਇਹ ਇਹ ਕਹਿੰਦੇ ਰਹੇ ਕਿ ਇਹ ਕੁਰਸੀ ਤੇ ਬੈਠਾ ਰਣਧੀਰ ਸਿੰਘ ਹੈ ਤੇ ਭਗਤ ਸਿੰਘ ਹੱਥ ਜੋੜ ਬੇਨਤੀਆਂ ਕਰ ਰਿਹਾ ਹੈ ਕਿ ਸੰਤ ਜੀ ਮੈਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਓ। ਇਸ ਤਸਵੀਰ ਨੂੰ ਬਦਲ ਕੇ ਕਲੰਡਰ ਵੀ ਬਣਾਏ ਗਏ, ਜਿਸ ਵਿਚ ਕੁਰਸੀ ਵਾਲੇ ਜਣੇ ਦੇ ਗੋਲ ਨੀਲੀ ਪੱਗ ਬੰਨ੍ਹਾਈ ਗਈ। ਭਗਤ ਸਿੰਘ ਦੀ ਮੰਜੇ ਵਾਲੇ ਪੋਜ਼ ਦੀ ਪੇਂਟਿੰਗ ਵੀ ਬਣਾਈ ਗਈ, ਜਿਸ ਵਿਚ ਕੁਰਸੀ ਵਾਲਾ ਜਣਾ ਗਾਇਬ ਹੈ ਤੇ ਬਾਹਰ ਬੰਦੂਕਧਾਰੀ ਗੈਰ ਸਿੱਖ ਸਿਪਾਹੀ ਖੜ੍ਹਾ ਹੈ। (ਸਿਪਾਹੀ ਤਾਂ ਸਿੱਖ ਵੀ ਬਣਾਇਆ ਜਾ ਸਕਦਾ ਸੀ, ਪਰ ਇਹ ਗੱਲ ਫਿਰਕਾਪ੍ਰਸਤੀ ਦੇ ਖ਼ਾਨੇ 'ਚ ਫਿੱਟ ਨਹੀਂ ਹੁੰਦੀ) ਇਹ ਪੇਂਟਿੰਗ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਅਜਾਇਬ ਘਰ ਵਿਚ ਪੰਦਰਾਂ ਕੁ ਸਾਲ ਪਹਿਲਾਂ ਲਾਈ ਗਈ ਸੀ। ਇਸੇ ਪੇਂਟਿੰਗ ਦਾ ਭੱਦਾ ਉਤਾਰਾ (ਜੋ ਚੱਚਾ ਸੱਸਾ ਚੰਨ ਵਰਗੇ ਦੀ ਚਿਤਰਕਲਾ ਦਾ ਕਮਾਲ ਹੈ!) ਲੰਡਨ/ਪੰਜਾਬ ਟਾਈਮਜ਼ (29 ਮਾਰਚ 85)/ਦੇ ਟਾਈਟਲ ਤੇ ਵੀ ਛਪਿਆ ਜਿਹਦੇ ਬਾਰੇ ਗੁਰਚਰਨ ਸਿੰਘ ਖਾਲਸਾ ਉਰਫ ਜਰਨ-ਲਿਸਟ ਆਪਣੇ ਲੇਖ ਵਿਚ ਲਿਖਦਾ ਹੈ: "ਬੀਤੇ ਹਫਤੇ ਪੰਜਾਬ ਟਾਈਮਜ਼ ਨੇ ਸ਼ਹੀਦ ਭਗਤ ਸਿੰਘ ਦਾ ਉਹ ਫੋਟੋ ਮੁਖ ਪੰਨੇ ਤੇ ਛਾਪਿਆ ਸੀ, ਜੋ ਉਸਨੂੰ ਫਾਂਸੀ ਦੇਣੋਂ ਤੋਂ ਪਹਿਲਾਂ ਜੇਲ੍ਹ ਦੀ ਕਾਲ ਕੋਠੜੀ ਵਿਚ ਲਿਆ ਗਿਆ ਸੀ ਤੇ ਕੁਝ ਵਰ੍ਹੇ ਹੋਏ ਬੰਬਈ ਦੇ ਪ੍ਰਸਿੱਧ ਅੰਗਰੇਜ਼ੀ ਹਫਤੇਵਾਰ ਅਖਬਾਰ ਬਲਿਟਜ਼ ਨੇ ਪ੍ਰਕਾਸ਼ਤ ਕੀਤਾ ਸੀ। ਸ਼ਹੀਦ ਭਗਤ ਸਿੰਘ ਦਾ ਇਹ ਚਿੱਤਰ ਉਸਦੇ ਸਿੱਖੀ ਰੂਪ ਅਤੇ ਸਰੂਪ ਦੇ ਧਾਰਨੀ ਹੋਣ ਦਾ ਪ੍ਰਗਟਾਅ ਕਰਦਾ ਹੈ ਤੇ ਭਾਈ ਸਾਹਿਬ ਸੰਤ ਰਣਧੀਰ ਸਿੰਘ ਜੀ ਦੇ ਪ੍ਰਵਚਨਾਂ ਦਾ ਪ੍ਰਤੱਖ ਪ੍ਰਗਟਾ ਹੈ।"

ਸਭ ਤੋਂ ਪਹਿਲਾਂ ਗੱਲ ਤਾਂ ਇਹ ਹੈ ਕਿ ਜਿਸ ਚਿੱਤਰ ਦੀ ਗੱਲ ਕੀਤੀ ਗਈ ਹੈ, ਉਹ ਫੋਟੋ ਬਿਲਕੁਲ ਨਹੀਂ ਹੈ, ਪੇਂਟਿੰਗ ਹੈ। ਜਿੰਨਾ ਕੋਝਾ ਤੇ ਬਦਸੂਰਤ ਭਗਤ ਸਿੰਘ ਇਸ ਪੇਂਟਿੰਗ ਵਿਚ ਦਰਸਾਇਆ ਗਿਆ ਹੈ, ਓਨਾ ਉਹ ਹੈ ਨਹੀਂ ਸੀ! ਦਰਅਸਲ ਇਹਨਾਂ ਲੋਕਾਂ ਨੇ ਝੂਠ ਬੋਲਣ ਅਤੇ ਪ੍ਰਚਾਰਨ ਦਾ ਠੇਕਾ ਲਿਆ ਹੋਇਆ ਹੈ। ਇਹਨਾਂ ਨੂੰ ਪੁੱਛਣ ਵਾਲਾ ਕੋਈ ਨਹੀਂ ਤੇ ਕੁਫਰ ਤੋਲਣ ਲੱਗੇ ਆਪਣੇ ਵਾਹਿਗੁਰੂ ਦੀ ਵੀ ਸ਼ਰਮ ਨਹੀਂ ਕਰਦੇ। ਕੁਝ ਮਹੀਨੇ ਹੀ ਪਹਿਲਾਂ ਪੰਜਾਬ ਟਾਈਮਜ਼ ਦੇ ਟਾਈਟਲ ਤੇ ਭਾਰਤੀ ਰਾਸ਼ਟਰਪਤੀ ਭਵਨ ਦੇ ਕਿਸੇ ਅਰਦਲੀ ਜਾਂ ਖਾਨਸਾਮੇ ਦੀ ਤਸਵੀਰ ਛਾਪ ਕੇ ਇਹ ਝੂਠ ਲਿਖਿਆ ਗਿਆ ਸੀ ਕਿ ਇਹ ਇੰਦਰਾ ਗਾਂਧੀ ਦੇ ਕਾਤਲ ਬੇਅੰਤ ਸਿੰਘ ਦੀ ਤਸਵੀਰ ਹੈ।

## ਰਣਧੀਰ ਸਿੰਘ ਦੀ ਭਗਤ ਸਿੰਘ ਨਾਲ ਮੁਲਾਕਾਤ

ਕੋਈ ਇਤਿਹਾਸਕ ਗਵਾਹੀ ਮੌਜੂਦ ਨਹੀਂ ਹੈ ਕਿ ਭਾਈ ਰਣਧੀਰ ਸਿੰਘ ਨੇ ਭਗਤ ਸਿੰਘ ਨਾਲ ਮੁਲਾਕਾਤ ਕੀਤੀ ਹੋਵੇਗੀ। ਮੌਖਿਕ ਇਤਿਹਾਸਕਾਰੀ (ਓਰਲ ਹਿਸਟਰੀ) ਦੇ ਅਸੂਲ ਮੁਤਾਬਕ ਚਲੋ ਮੰਨ ਲੈਂਦੇ ਹਾਂ ਕਿ ਮੁਲਾਕਾਤ ਹੋਈ ਹੋਵੇਗੀ। ਇਹ ਬਿਲਕੁਲ ਸੰਭਵ ਹੈ ਕਿ ਆਪਣੀ ਧਾਰਮਿਕ ਆਸਥਾ ਅਨੁਸਾਰ ਰਣਧੀਰ ਸਿੰਘ ਨੇ ਭਗਤ ਸਿੰਘ ਨੂੰ ਪੰਜ ਕਕਾਰੀ ਹੋਣ ਲਈ ਪ੍ਰੇਰਿਆ ਹੋਵੇਗਾ। ਕਿਸੇ ਨੂੰ ਕਿਸੇ ਗੱਲ ਲਈ ਪ੍ਰੇਰਨ ਦਾ ਹੱਕ ਹੁੰਦਾ ਹੈ ਅਤੇ ਜਿਹਨੂੰ ਪਰੇਰਿਆ ਗਿਆ ਹੋਵੇ, ਉਹਦਾ ਵੀ ਪੂਰਾ ਹੱਕ ਹੁੰਦਾ ਹੈ ਕਿ ਅਗਲੇ ਦੀ ਗੱਲ ਮੰਨੇ ਜਾਂ ਭੁੰਝੇ ਪਾ ਦੇਵੇ। ਆਪਸੀ ਵਾਰਤਾਲਾਪ ਦਾ ਜਿੰਨਾ ਵੱਡਾ ਰਣਧੀਰ ਸਿੰਘ ਨੇ ਹਵਾਲਾ ਦਿੱਤਾ ਹੈ, ਉਹ ਕੋਈ ਵੀਹ ਸਾਲਾਂ ਬਾਅਦ ਵੀ ਇੰਨ ਬਿੰਨ ਯਾਦ ਕਰਕੇ ਲਿਖ ਸਕੇ, ਇਹ ਜਾਣ ਕੇ ਹੈਰਾਨੀ ਤੇ ਸ਼ੰਕਾ ਹੁੰਦੀ ਹੈ।

ਇਹਨਾਂ ਕੱਟੜ ਸਿੱਖਾਂ ਦੇ ਮੰਦਭਾਗਾਂ ਨੂੰ ਅਸੀਂ ਪੰਜ ਸਾਲ ਪਹਿਲਾਂ ਬੜੀ ਮਿਹਨਤ ਨਾਲ ਭਗਤ ਸਿੰਘ ਦਾ ਸਭ ਤੋਂ ਵਧ ਅਹਿਮ ਲੇਖ "ਮੈਂ ਨਾਸਤਕ ਕਿਉਂ ਹਾਂ" ਲੱਭ ਲਿਆ ਸੀ। ਪੂਰਬੀ ਪੰਜਾਬ, ਕੈਨੇਡਾ ਅਤੇ ਬਰਤਾ-ਨੀਆਂ ਵਿਚ ਇਸ ਦੀਆਂ ਹਜ਼ਾਰਾਂ ਕਾਪੀਆਂ ਛਪ ਕੇ ਵਿਕ ਚੁੱਕੀਆਂ ਹਨ। ਰਣਧੀਰ ਸਿੰਘ ਦਾ ਦਾਅਵਾ ਹੈ ਕਿ ਉਹ 4 ਅਕਤੂਬਰ 1930 ਨੂੰ ਭਗਤ ਸਿੰਘ ਨੂੰ ਮਿਲਿਆ ਸੀ। ਮਜ਼ੇਦਾਰ ਗੱਲ ਹੈ ਕਿ "ਮੈਂ ਨਾਸਤਕ ਕਿਉਂ ਹਾਂ" ਅੰਗਰੇਜ਼ੀ ਵਿਚ ਲਿਖੇ ਲੇਖ ਉਤੇ ਭਗਤ ਸਿੰਘ ਦੇ ਦਸਤਖਤ ਵੀ 4 ਅਕਤੂਬਰ 1930 ਦੇ ਹੀ ਹਨ। ਐਨ ਮੁਮਕਿਨ ਹੈ ਇਸ ਲੇਖ ਦੇ ਆਖਰੀ ਪਹਿਰੇ ਵਿਚ ਜਿਸ

ਪ੍ਰਸੰਗ ਦਾ ਹਵਾਲਾ ਹੈ ਉਹ ਰਣਧੀਰ ਸਿੰਘ ਨਾਲ ਹੋਏ ਬਚਨ-ਬਿਲਾਸ ਹੀ ਹੋਣ। ਜੇ ਇਹ ਮੰਨ ਲਈਏ ਤਾਂ ਭਗਤ ਸਿੰਘ ਨੇ ਇਹ ਲੇਖ ਰਣਧੀਰ ਸਿੰਘ ਦੇ ਨਾਲ ਮੁਲਾਕਾਤ ਮਗਰੋਂ ਲਿਖਿਆ ਹੋਵੇਗਾ ਜਾਂ ਪੂਰਾ ਕੀਤਾ ਹੋਵੇਗਾ। ਆਖਰੀ ਪਹਿਰੇ ਵਿਚ ਭਗਤ ਸਿੰਘ ਲਿਖਦਾ ਹੈ, "ਮੇਰੇ ਕਿਸੇ ਦੋਸਤ ਨੇ ਅਰਦਾਸ ਕਰਨ ਲਈ ਕਿਹਾ, ਜਦ ਮੈਂ ਉਹਨੂੰ ਦਸਿਆ ਕਿ ਮੈਂ ਤਾਂ ਨਾਸਤਕ ਹਾਂ, ਤਾਂ ਉਹ ਕਹਿਣ ਲੱਗਾ, 'ਦੇਖੀਂ ਆਪਣੇ ਅਖੀਰੀ ਦਿਨਾਂ 'ਚ ਤੂੰ ਪ੍ਰਮਾਤਮਾ ਨੂੰ ਮੰਨਣ ਲੱਗ ਜਾਏਂਗਾ।" ਮੈਂ ਅੱਗੋਂ ਕਿਹਾ, "ਨਹੀਂ, ਪਿਆਰੇ ਸ੍ਰੀਮਾਨ ਜੀ, ਇਸ ਤਰ੍ਹਾਂ ਹਰਗਿਜ਼ ਨਹੀਂ ਹੋਣ ਲੱਗਾ, ਇਸ ਤਰ੍ਹਾਂ ਕਰਨਾ ਮੇਰੇ ਲਈ ਬੜੀ ਘਟੀਆ ਤੇ ਪਸਤੀ ਵਾਲੀ ਗੱਲ ਹੋਵੇਗੀ। ਖੁਦਗਰਜ਼ੀ ਵਾਸਤੇ ਅਰਦਾਸ਼ ਮੈਂ ਨਹੀਂ ਕਰਨੀ। ਪਾਠਕੋ ਤੇ ਦੋਸਤੋ, ਕੀ ਇਹ ਹਉਮੈ ਹੈ ? ਜੇ ਹੈ, ਤਾਂ ਮੈਨੂੰ ਹਉਮੈ ਚੰਗੀ ਲੱਗਦੀ ਹੈ।"

ਭਗਤ ਸਿੰਘ ਨਾਲ ਮੁਲਾਕਾਤ ਦੇ ਬਿਆਨ ਵਿਚ ਰਣਧੀਰ ਸਿੰਘ ਬੜੇ ਨ੍ਹਾਟਕੀ ਅੰਸ਼ ਪੇਸ਼ ਕਰਦਾ ਹੈ, ਜਿਵੇਂ —"ਭਗਤ ਸਿੰਘ ਬੁੱਤ ਬਣ ਕੇ ਖੜ੍ਹਾ ਰਿਹਾ। ਅਜਿਹਾ ਪ੍ਰਤੀਤ ਹੁੰਦਾ ਸੀ ਅੰਦਰ ਕਿਸੇ ਧੂ ਨੇ ਖਿੱਚ ਪਾਈ ਹੈ, ਕੁਝ ਉਸਨੂੰ ਸਰੀਰਕ ਬੁਧਸੁੱਧ ਨਹੀਂ ਰਹੀ ਤੇ ਆਤਮਾ ਉਚੇ ਮੰਡਲਾਂ ਵਿਚ ਪਹੁੰਚ ਗਈ। ਮੈਂ ਉਸਨੂੰ ਹਲੂਣਾ ਦਿੱਤਾ ਅਤੇ ਖੜਾ ਕੀਤਾ। ਉਸ ਦੇ ਮੁੱਖ ਤੇ ਨਵਾਂ ਪ੍ਰਕਾਸ਼ ਸੀ।" ਇਸਤੋਂ ਬਾਦ ਭਗਤ ਸਿੰਘ ਫੇਰ ਬੇਸੁਧ ਹੋ ਗਿਆ। ਇਹ ਸਭ ਅੰਦਰਮੁਖੀ ਗੱਲਾਂ ਹਨ। ਇਹਦਾ ਕੋਈ ਸਬੂਤ ਨਹੀਂ ਹੋ ਸਕਦਾ। ਭਗਤ ਸਿੰਘ ਵਿਚ ਐਨੀ ਕੁ ਤਾਂ ਬੌਧਿਕ ਦਿਆਨਤਦਾਰੀ ਸੀ ਕਿ ਜੇ ਉਹ ਆਸਤਕ ਹੋ ਗਿਆ, ਤਾਂ ਉਹਨੂੰ "ਮੈ ਨਾਸਤਕ ਕਿਉਂ ਹਾਂ" ਰਣਧੀਰ ਸਿੰਘ ਨੂੰ ਮਿਲਣ ਮਗਰੋਂ ਲਿਖਣ ਦੀ ਕੀ ਜ਼ਰੂਰਤ ਸੀ। ਉਹ ਆਪਣੀ ਜ਼ਮੀਰ ਤੋਂ ਛੁੱਟ ਹੋਰ ਕਿਸੇ ਅੱਗੇ ਜਵਾਬਦੇਹ ਨਹੀਂ ਸੀ ਹੋ ਸਕਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਗਤ ਸਿੰਘ ਗ਼ਦਰ ਲਹਿਰ ਦੇ ਬਜ਼ੁਰਗ ਦੇਸ਼ ਭਗਤਾਂ ਨੂੰ ਬਹੁਤ ਜ਼ਿਆਦਾ ਪਿਆਰ ਕਰਦਾ ਹੁੰਦਾ ਸੀ, ਭਾਵੇਂ ਉਹ ਸਿੱਖ ਸਨ ਮੁਸਲਮਾਨ ਜਾਂ ਹਿੰਦੂ। ਉਸ ਲਿਹਾਜ਼ ਨਾਲ ਅਸੀਂ ਰਣਧੀਰ ਸਿੰਘ ਦਾ ਵੀ ਓਨਾਂ ਹੀ ਸਤਿਕਾਰ ਕਰਦੇ ਹਾਂ। (ਭਾਈ ਰਣਧੀਰ ਸਿੰਘ ਨੂੰ 1913 ਦੇ ਰਕਾਬ ਗੰਜ ਦਿੱਲੀ ਦੇ ਸਾਕੇ ਵਿਚ ਉਮਰ ਕੈਦ ਹੋਈ ਹੈ)। ਪਰ ਰਣਧੀਰ ਸਿੰਘ ਦੀ ਇਨਸਾਨਪ੍ਰਸਤੀ ਤੇ ਸ਼ੱਕ ਹੋਣ ਲੱਗਦੀ ਹੈ, ਜਦ ਉਹ ਭਗਤ ਸਿੰਘ ਦੇ ਮੂੰਹ ਵਿਚ ਇਹ ਸ਼ਬਦ ਪਾਉਂਦਾ ਹੈ ਕਿ "ਅਧਰਮੀ" ਲੋਕਾਂ ਦੀ ਸੰਗਤ (ਯਾਨੀ ਆਪਣੇ ਸਾਥੀਆਂ) ਕਾਰਣ ਉਹਨੂੰ ਦਾਹੜੀ ਕੇਸ ਕਟਵਾਉਣੇ ਪਏ ਸਨ। ਫੇਰ ਫਿਰਕਾਪ੍ਰਸਤੀ ਦਾ ਰੰਗ ਵੀ ਉਘੜਦਾ ਹੈ। ਜਦ ਭਗਤ ਸਿੰਘ ਦੇ ਮੂੰਹੋਂ ਇਹ ਅਖਵਾਇਆ ਗਿਆ ਕਿ ਉਹਦੇ ਮੋਨੇ ਹੋਣ ਕਾਰਨ ਹੀ ਗ਼ੈਰ ਸਿੱਖ ਪ੍ਰੈਸ (ਸਾਫ਼ ਇਸ਼ਾਰਾ ਹਿੰਦੂ ਪ੍ਰੈਸ ਵੱਲ ਹੈ) ਨੇ ਉਹਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਹੈ। ਇਥੇ ਤੁਸੀਂ ਆਪ ਅੰਦਾਜ਼ਾ ਲਾਉ ਕਿ "ਸਿੱਖ" ਪ੍ਰੈਸ ਨੇ ਭਗਤ ਸਿੰਘ ਦਾ ਪ੍ਰਚਾਰ ਕਿਉਂ ਨਹੀਂ ਸੀ ਕੀਤਾ ?!

ਗ਼ਦਰ ਲਹਿਰ ਵਿਚ ਸਿੱਖ, ਹਿੰਦੂ, ਮੁਸਲਮਾਨ ਸਭ ਸ਼ਾਮਲ ਸਨ। ਪਰ ਇਹ ਲਹਿਰ ਫਿਰਕਾਪ੍ਰਸਤ ਬਿਲਕੁਲ ਨਹੀਂ ਸੀ। 'ਗ਼ਦਰ ਦੀ ਗੂੰਜ' ਦੀਆਂ ਕਵਿਤਾਵਾਂ ਗ਼ਦਰ ਲਹਿਰ ਦੇ ਮਾਨਵਵਾਦ ਦਾ ਸ਼ੀਸ਼ਾ ਹਨ। ਇਹ ਲੋਕ ਧਾਰਮਿਕ ਸਨ ਤੇ ਧਰਮ ਉਹਨਾਂ ਵਾਸਤੇ ਜੱਦੋ-ਜਹਿਦ ਲਈ ਪ੍ਰੇਰਨਾ ਦਾ ਸੋਮਾ ਸੀ। ਉਹਨਾਂ ਦੀ ਅੰਦਰੂਨੀ ਤਾਕਤ ਦਾ ਸੋਮਾ ਸੀ। ਕੱਟੜ ਫ਼ਿਰਕਾਪ੍ਰਸਤਾਂ ਦੀ ਮਾੜੀ ਕਿਸਮਤ ਨੂੰ ਅਸੀਂ ਭਗਤ ਸਿੰਘ ਦਾ 1928 ਵਿਚ ਧਰਮ ਵਿਰੁਧ ਲਿਖਿਆ ਇਕ ਹੋਰ ਲੇਖ "ਧਰਮਵਾਰ ਤੇ ਉਹਨਾਂ ਦੇ ਇਲਾਜ" ਵੀ ਲੱਭ ਲਿਆ ਹੈ। ਪੰਜਾਬੀ ਵਿਚ ਇਥੇ ਲੇਖ ਵਿਚ ਭਗਤ ਸਿੰਘ ਇਹ ਕਹਿੰਦਾ ਹੈ ਕਿ ਧਰਮ ਅਤੇ ਰਾਜਨੀਤੀ ਨੂੰ ਅਲੱਗ ਕਰ ਦੇਣਾ ਚਾਹੀਦਾ ਹੈ। ਅਖ਼ੀਰ 'ਚ ਉਹ ਲਿਖਦਾ ਹੈ : "1914-15 ਦੇ ਸ਼ਹੀਦਾਂ ਨੇ ਧਰਮ ਨੂੰ ਪਾਲੇਟਿਕਸ ਤੋਂ ਵੱਖਰਾ ਕਰ ਦਿਤਾ ਹੋਇਆ ਸੀ। ਉਹ ਸਮਝਦੇ ਸਨ ਕਿ ਧਰਮ ਪੁਰਸ਼ਾਂ ਦਾ ਆਪਣਾ ਵੱਖਰਾ ਕਰਤੱਵ ਹੈ ਤੇ ਇਸ ਵਿਚ ਦੂਜੇ ਦਾ ਕੋਈ ਦਖ਼ਲ ਨਹੀਂ। ਨਾ ਹੀ ਇਸਨੂੰ ਰਾਜਨੀਤੀ ਵਿਚ ਘੁਸੇੜਨਾ ਚਾਹੀਦਾ ਹੈ ਕਿਉਂਕਿ ਇਹ ਸਰਬੱਤ ਸਾਂਝੇ (ਨੂੰ) ਇਕ ਥਾਂ ਮਿਲਾ ਕੇ ਕੰਮ ਨਹੀਂ ਕਰਨ ਦੇ ਦਾ ਹੈ। ਇਸੇ ਲਈ ਹੀ ਉਹ ਗ਼ਦਰ ਵਰਗੀ ਲਹਿਰ ਵਿਚ ਵੀ ਇਕਮੁਠ ਤੇ ਇਕ ਜਾਨ ਰਹੇ ਸਨ ਤੇ ਜਿਥੇ ਸਿੱਖ ਵਧ ਵਧ ਕੇ ਫ਼ਾਂਸੀਆਂ ਤੇ ਟੰਗੇ ਗਏ ਸਨ, ਉਥੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਕੋਈ ਘਟ ਨਹੀਂ ਗੁਜ਼ਾਰੀ ਸੀ।" ('ਸੁਰਖ ਰੇਖਾ' 31 ਮਾਰਚ 1985)

ਭਗਤ ਸਿੰਘ ਦੇ ਪਰਿਵਾਰ ਵਿਚ ਆਰੀਆ ਸਮਾਜ ਦਾ ਵੀ ਅਸਰ ਸੀ। ਭਗਤ ਸਿੰਘ ਦੀਆਂ ਬਚਪਨ ਵਿਚ ਲਿਖੀਆਂ ਚਿਠੀਆਂ ਦੇ ਸ਼ੁਰੂ ਵਿਚ 'ਓਮ' ਵੀ ਲਿਖਿਆ ਮਿਲਦਾ ਹੈ ਤੇ '੧ਓ' ਵੀ। ਲਾਹੌਰ ਡੀ. ਏ. ਵੀ ਸਕੂਲ ਵਿਚ ਪੜ੍ਹਦਿਆਂ ਭਗਤ ਸਿੰਘ ਸਵੇਰ ਸ਼ਾਮ ਵੈਦਿਕ ਮੰਤਰਾਂ ਦਾ ਜਾਪ ਵੀ ਕਰਦਾ ਰਿਹਾ। ਬਚਪਨ ਵਿਚ ਇਹਦੇ ਭੱਦਣ (ਮੁੰਡਨ) ਵੀ ਹੋਏ ਸਨ। ਫੇਰ ਇਹਨੇ ਕੇਸ ਵੀ ਰੱਖੇ ਅਤੇ ਪੱਗ ਵੀ ਬੰਨੀ। ਸਿੱਖੀ ਰੂਪ ਸਰੂਪ, ਤਾਂ ਹਰ ਬੰਦੇ ਦਾ ਜ਼ਾਤੀ ਮਸਲਾ ਹੈ। ਗ਼ਦਰ ਲਹਿਰ ਦੇ ਤਕਰੀਬਨ ਸਾਰੇ ਬਾਬੇ ਅੰਤ ਤਕ ਸਿੱਖੀ ਸਰੂਪ ਵਿਚ ਰਹੇ।

ਗ਼ਦਰੀ ਆਗੂ ਭਾਈ ਸੰਤੋਖ ਸਿੰਘ ਨੇ ਰੂਸ ਤੋਂ ਕਮਿਊਨਿਸਟ ਸਿਖਲਾਈ ਲੈ ਕੇ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਨੂੰ ਆਪਣਾ ਅੱਡਾ ਬਣਾਇਆ ਅਤੇ ਜਦ ਉਹਨਾਂ ਨੇ "ਕਿਰਤੀ" ਪਰਚਾ ਸ਼ੁਰੂ ਕੀਤਾ, ਤਾਂ ਬਾਬੇ ਦੀ ਆਸ਼ੀਰਵਾਦ ਲੈਣ ਹਰਿਮੰਦਰ ਸਾਹਿਬ ਵੀ ਗਏ। ਜਥੇਦਾਰ ਹਰਦਿਤ ਸਿੰਘ ਭੱਠਲ ਕਮਿਊਨਿਸਟ ਪਾਰਟੀ ਦਾ ਆਗੂ ਵੀ ਸੀ, ਪਰ ਉਸ ਨੇ ਅੰਤਲੇ ਸਾਹਾਂ ਤਕ ਕਿਰਪਾਨ ਪਾਈ ਰੱਖੀ ਤੇ ਉਹ ਗੁਰਬਾਣੀ ਦਾ ਪੂਰਾ ਨਿਤਨੇਮੀ ਵੀ ਸੀ। ਅਸੀਂ ਇਹਨਾਂ ਸਾਰੇ ਬਜ਼ੁਰਗਾਂ ਦਾ ਪੂਰਾ ਆਦਰ ਮਾਣ ਕਰਦੇ ਹਾਂ। ਜੇ ਉਹ ਨਾ ਹੁੰਦੇ, ਤਾਂ ਅੱਜ ਅਸੀਂ ਜੋ ਹਾਂ ਉਹ ਨਹੀਂ ਸੀ ਹੋਣਾ। ਧਰਮ ਨੇ ਇਤਿਹਾਸ ਵਿਚ ਪ੍ਰਗਤੀਸ਼ੀਲ ਰੋਲ ਵੀ ਅਦਾ ਕੀਤਾ ਹੈ। ਕਾਰਲ ਮਾਰਕਸ ਦਾ ਇਹ ਕਥਨ ਕਿ "ਧਰਮ ਲੋਕਾਂ ਦੀ ਅਫ਼ੀਮ ਹੈ", ਹਮੇਸ਼ਾਂ ਹੀ ਪ੍ਰਸੰਗ ਤੋਂ ਬਿਨਾ ਪਸ਼ ਕੀਤਾ ਜਾਂਦਾ ਹੈ। ਦਰਅਸਲ ਮਾਰਕਸ ਦਾ ਕਥਨ ਸੀ ਕਿ "ਧਰਮ ਤਾਂ ਦਲਿਤ ਪ੍ਰਾਣੀ ਦਾ ਹਉਕਾ ਹੈ। ਬੇਦਿਲ ਦਾ ਦਿਲ ਹੈ। ਬੇਜਾਨ ਦੀ ਜਾਨ ਹੈ। ਧਰਮ ਲੋਕਾਂ ਦੀ ਅਫ਼ੀਮ ਹੈ। ਇਹ ਉਹਨਾਂ ਦੀ ਖ਼ੁਸ਼ੀ ਦਾ ਭੁਲਾਵਾ ਹੈ।" ਧਰਮ ਜਾਂ ਧਾਰਮਕ ਬੰਦੇ ਤੋਂ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ, ਜੇ ਉਹ ਲਹੂ ਪੀਣੇ ਸਰਮਾਏਦਾਰਾਂ, ਜਾਗੀਰਦਾਰਾਂ, ਸਾਮਰਾਜੀਆਂ ਵਿਰੁਧ ਡਟ ਕੇ ਜੂਝਦਾ ਹੈ। ਵੀਅਤਨਾਮ, ਲੰਕਾ ਵਿਚ ਬੋਧੀ ਸੰਤਾਂ ਦਾ ਸ਼ਾਨਦਾਰ ਰੋਲ ਸਾਡੇ ਸਾਹਮਣੇ ਹੈ। ਅੱਜ ਲਾਤੀਨੀ ਅਮਰੀਕਾ ਵਿਚ ਰੈਡੀਕਲ ਚਰਚ ਵਾਲੇ ਈਸਾਈ ਕਮਿਊਨਿਸਟਾਂ ਦੇ ਨਾਲ ਰਲ ਕੇ ਅਮਰੀਕੀ ਸਾਮਰਾਜ ਵਿਰੁਧ ਡਟ ਕੇ ਲੜ ਰਹੇ ਹਨ। ਧਰਮ ਮਾੜਾ ਤਦ ਹੈ, ਜਦ ਇਹ ਲੋਕਾਂ ਨੂੰ ਕਾਫ਼ਰ, ਮਲੇਛ ਤੇ ਨਾਸਤਕ "ਨਰਕਧਾਰੀ" ਆਖ ਕੇ ਬੱਸਾਂ ਵਿਚ ਘਰਾਂ ਵਿਚ, ਗੱਡੀਆਂ ਵਿਚ ਵਹਿਸ਼ੀਆਨਾ ਤਰੀਕੇ ਨਾਲ ਕਤਲ ਕਰਨ ਤੇ ਉਤਰ ਆਉਂਦਾ ਹੈ। ਧਰਮ ਮਾੜਾ ਤਦ ਹੈ, ਜਦ ਇਹ ਔਰੰਗਜ਼ੇਬ ਬਣਦਾ ਹੈ, ਗੋਲਵਾਲਕਰ ਬਣਦਾ ਹੈ, ਜਾਂ ਭਿੰਡਰਾਂਵਾਲਾ ਬਣਦਾ ਹੈ। ਜਦ ਇਹ ਇਤਿਹਾਸ ਦਾ ਪਹੀਆ ਪਿਛਾਂਹ ਮੋੜਣ ਦੀ ਕੋਸ਼ਿਸ਼ ਕਰਦਾ ਹੈ।

ਸਿੱਖ ਫ਼ਿਰਕਾਪ੍ਰਸਤਾਂ ਦੀ ਦਲੀਲ ਅਨੁਸਾਰ ਇਹ ਲੋਕ ਗ਼ੈਰ ਸਿੱਖ ਕੌਮੀ ਸ਼ਹੀਦਾਂ ਅਤੇ ਯੋਧਿਆਂ ਨੂੰ ਨਫ਼ਰਤ ਕਰ ਦੇ ਹਨ। ਇਹਨਾਂ ਵਾਸਤੇ "ਪਤਿਤ" ਕਰਤਾਰ ਸਿੰਘ ਸਰਾਭੇ ਅਤੇ ਊਧਮ ਸਿੰਘ ਦੀ ਕੋਈ ਵੁਕਤ ਨਹੀਂ, ਕਿਉਂਕਿ ਫ਼ਾਂਸੀ ਤੋਂ ਪਹਿਲਾਂ ਉਹਨਾਂ ਨੂੰ ਕੋਈ ਰਣਧੀਰ ਸਿੰਘ ਵਰਗਾ ਬੰਦਾ ਨਹੀਂ ਸੀ ਮਿਲਿਆ। ਇਹਨਾਂ ਦੇ ਹੀ ਅਕਾਲ ਤਖ਼ਤ ਤੋਂ ਗ਼ਦਰੀ ਸੂਰਮਿਆਂ ਵਿਰੁਧ ਹੁਕਮਨਾਮਾ ਜਾਰੀ ਹੋਇਆ ਸੀ। ਇਹਨਾਂ ਦੇ ਹੀ ਗੁੰਥੀਆਂ ਨੇ ਡਾਇਰ ਨੂੰ ਦਰਬਾਰ ਸਾਹਿਬ ਵਿਚ ਸਿਰੋਪਾ ਦਿਤਾ ਸੀ। ਏਸ ਗਲ ਦਾ ਇਹ ਕੱਟੜ ਜਨੂੰਨੀ ਇਹ ਜਵਾਬ ਦੇ ਸਕਦੇ ਹਨ ਅਕਾਲ ਤਖ਼ਤ ਤੋਂ ਗ਼ਦਰੀ ਯੋਧਿਆਂ ਵਿਰੁਧ ਹੁਕਮਨਾਮਾ ਜਾਰੀ ਕਰਨ ਵਾਲੇ ਤੇ ਡਾਇਰ ਨੂੰ ਦਰਬਾਰ ਸਾਹਿਬ ਸੱਦ ਕੇ ਸਿਰੋਪਾ ਦੇਣ ਵਾਲੇ "ਅਸਲੀ ਸਿੱਖ" ਨਹੀਂ ਸਨ। ਪਰ ਖ਼ਾਲਸਾ ਜੀ, ਤੁਸੀਂ ਇਹ ਤਾਂ ਨਹੀਂ ਆਖ ਸਕਦੇ ਕਿ ਉਹ ਕਰਤਾਰੀ ਨੁਹਾਰ ਵਾਲੇ ਨਹੀਂ ਸਨ, ਉਨ੍ਹਾਂ ਦਾ ਰੂਪ ਸਰੂਪ ਸਿੱਖਾਂ ਵਾਲਾ ਨਹੀਂ ਸੀ। ਪਰ ਇਕ ਗੱਲ ਪੱਕੀ ਹੈ ਕਿ ਉਹ ਇਨਸਾਨ ਨਹੀਂ ਸਨ ਤੇ ਜ਼ਰੂਰੀ ਨਹੀਂ ਕਿ ਇਨਸਾਨ ਸਿਰਫ਼ ਸਿੱਖੀ ਸਰੂਪ ਵਾਲਾ ਹੀ ਹੁੰਦਾ ਹੈ। ੦

## ਪਾਠਕ ਲੇਖਕ ਫੋਰਮ

ਸਮਤਾ ਦੇ ਸੰਪਾਦਕ ਦੇ ਨਾਂ ਇਕ ਚਿੱਠੀ 'ਭਮੱਕੜਾਂ' ਨੇ ਲਿਖੀ ਸੀ। ਇਹ ਚਿੱਠੀ ਮਈ ਦੇ ਸਮਤਾ ਅੰਕ ਵਿਚ ਜਵਾਬ ਸਮੇਤ ਦਿਤੀ ਗਈ ਸੀ। ਇਹਦੇ ਪ੍ਰਤੀਕਰਮ ਵਿਚ ਸੰਪਾਦਕ ਨੂੰ ਬਹੁਤ ਸਾਰੀਆਂ ਚਿੱਠੀਆਂ ਆਈਆਂ ਹਨ ਇਹਨਾਂ ਵਿਚੋਂ ਕੁਝ ਸੰਖੇਪ ਤੌਰ ਤੇ ਹੇਠ ਦਿਤੀਆਂ ਜਾ ਰਹੀਆਂ ਹਨ। ਪਹਿਲੀ ਚਿੱਠੀ ਛੱਡਕੇ ਜੋ ਗਿੱਲ ਦੋਸਤਾਂ ਦੇ ਸਾਥੀਆਂ ਵਲੋਂ ਲਿਖੀ ਗਈ ਹੈ, ਬਾਕੀ ਚਿੱਠੀਆਂ ਬਹੁਤ ਹੱਦ ਤਕ ਕਮਿਊਨਿਸਟ ਇਨਕਲਾਬੀਆਂ ਦੀਆਂ ਪੰਜਾਬ ਮਸਲੇ ਵੱਲ ਅਤੇ ਵਿਸ਼ੇਸ਼ ਕਰਕੇ ਸੰਤ ਭਿੰਡਰਾਂਵਾਲਾ ਹੋਰਾਂ ਦੀ ਭੂਮਿਕਾ ਬਾਰੇ ਪਹੁੰਚ ਨੂੰ ਦਰਸਾਉਂਦੀਆਂ ਹਨ। —ਸੰਪਾਦਕ

**1.** ੧ੳ ਸਤਿਗੁਰ ਪ੍ਰਸਾਦਿ ॥

ਸੰਪਾਦਕ ਜੀ, ਸਤਿ ਸ੍ਰੀ ਅਕਾਲ।

ਮਈ ਦੀ ਸਮਤਾ ਵਿਚ ਸਾਡੇ ਕੁਝ ਸਾਥੀਆਂ ਦੀ ਇਕ ਚਿੱਠੀ ਛਪੀ ਹੈ, ਜਿਸ ਵਿਚ ਉਹਨਾਂ ਕਾਮਰੇਡਾਂ ਨੂੰ ਮੇਹਣੇ ਦਿਤੇ ਹਨ। ਅਸੀਂ ਸਮਝਦੇ ਹਾਂ ਕਿ ਨਕਸਲ-ਬਾੜੀਆਂ ਨਾਲ ਇਸ ਤਰਾਂ ਦੀ ਗਲਬਾਤ ਤੁਰਨੀ ਹੀ ਚਾਹੀਦੀ ਹੈ, ਕਿਉਂਕਿ ਦਸਮ ਪਿਤਾ ਦੀ ਵਰੋਸਾਈ ਪੰਜਾਬ ਦੀ ਧਰਤੀ ਉਤੇ ਇਹ ਦੋਵੇਂ ਲਹਿਰਾਂ ਹੀ ਮਾਰੂਕੇ ਦੀਆਂ ਉਠੀਆਂ ਹਨ, ਜਿਨ੍ਹਾਂ ਕਾਂਗਰਸੀਆਂ ਦੇ ਅਤੇ ਕਾਬਜ਼ ਸਾਮਰਾਜ ਦੇ ਨੱਕ ਦਮ ਕੀਤਾ ਹੈ। ਇਹਨਾਂ ਲਹਿਰਾਂ ਵਿਚ ਜਿਥੇ ਕਾਫ਼ੀ ਵਿਰੋਧ ਵੀ ਹੈ ਉਥੇ ਬੜਾ ਕੁਝ ਸਾਂਝਾ ਵੀ ਹੈ, ਸਾਡੇ ਬੰਦਿਆਂ ਕੋਲ ਬਹਾਦਰੀ ਅਤੇ ਹਥਿਆਰਾਂ ਦੀ ਬਹੁਲਤਾ ਰਹੀ ਹੈ ਤਾਂ ਨਕਸਲਬਾੜੀ ਵੀ ਘੱਟੋ ਘੱਟ ਬਹਾਦਰੀ ਵਿਚ ਤਾਂ ਪਿਛੇ ਨਹੀਂ, ਭਾਵੇਂ ਕਿ ਹਥਿਆਰ

ਉਹਨਾਂ ਕੋਲ ਸਾਡੀ ਧਿਰ ਤੋਂ ਘੱਟ ਹੋਣ । ਜਿਹੜਾ ਚਿੱਠੀ ਵਾਲੇ ਸਾਥੀਆਂ ਨੇ ਬਦਲਾ ਨਾ ਲੈਣ ਦਾ ਮਿਹਣਾ ਮਾਰਿਆ ਹੈ, ਉਹ ਇਹ ਗੱਲ ਐਵੇਂ ਤਾਅ ਵਿਚ ਹੀ ਲਿਖ ਗਏ ਜਾਪਦੇ ਹਨ । ਅਸੀਂ ਸਿਖ ਸਟੂਡੈਂਟ ਫੈਡਰੇਸ਼ਨ ਵਿਚ ਆਉਣ ਤੋਂ ਪਹਿਲਾਂ ਮਾੜੇ ਮੋਟੇ ਪੀ. ਐਸ. ਯੂ. ਦੇ ਸਮਰਥਕ ਰਹੇ ਹਾਂ । ਇਸ ਲਈ ਥੋੜ੍ਹਾ ਬਹੁਤ ਨਕਸਲੀ ਇਤਿਹਾਸ ਤੋਂ ਵੀ ਵਾਕਿਫ ਹਾਂ । ਨਵੇਂ ਸ਼ਹਿਰ ਸਟੇਸ਼ਨ ਦੇ ਉਤੇ ਪੰਜ ਛੇ ਪੁਲਸੀਆਂ ਨੂੰ ਮਾਰਕੇ ਸ਼ਹੀਦ ਹੋਣ ਵਾਲੇ ਬਖਸ਼ੀਸ਼ ਦਾ ਕਾਰਨਾਮਾ ਕੋਈ ਘੱਟ ਫਖਰਯੋਗ ਨਹੀਂ ਸੀ । ਇਸੇ ਤਰ੍ਹਾਂ ਕਾਮਰੇਡਾਂ ਤੇ ਜ਼ੁਲਮ ਕਰਨ ਵਾਲੇ ਬਹੁਤ ਸਾਰੇ ਪੁਲਸੀਏ ਅਫਸਰ ਪਾਰਟੀ ਨੇ ਝਟਕਾਏ ਹਨ । ਪਟਿਆਲੇ ਦਾ ਡੀ ਐਸ. ਪੀ. ਸਿਕੰਦਰ ਸਿੰਘ, ਨੂਰਪੁਰ ਬੇਦੀਆਂ ਦਾ ਇੰਸਪੈਕਟਰ, ਐਸ. ਪੀ. ਸੁਖਪਾਲ ਸਿੰਘ ਦਾ ਸਾਹਿਬਜ਼ਾਦਾ ਆਦਿ ਕਈ ਬਦਲੇ ਫੌਰੀ ਤੌਰ ਤੇ ਲਏ ਗਏ ਸਨ । ਭਾਵੇਂ ਇਹ ਗੱਲ ਸਹੀ ਹੈ ਕਿ ਬਦਲੇ ਲੈਣ ਦੀ ਰਫ਼ਤਾਰ ਅਤੇ ਰੁਚੀ ਸੰਤਾਂ ਜਿੰਨੀ ਇਹਨਾਂ ਵਿਚ ਨਹੀਂ ਸੀ । ਪਰ ਸ਼ਾਇਦ ਇਸ ਪਿਛੇ ਮਨੋਰਥਾਂ ਦੇ ਵੱਖ ਵੱਖ ਹੋਣ ਦਾ ਵੀ ਕਾਰਨ ਹੋਵੇ । ਸਾਡੇ ਸਾਥੀਆਂ ਨੂੰ ਬਰਾਬਰ ਦੀ ਇਸ ਧਿਰ ਉਤੇ ਇੰਨੀ ਮੜਕ ਨਹੀਂ ਜਗਾਉਣੀ ਚਾਹੀਦੀ ।

ਸਗੋਂ ਸਿਆਣਪ ਇਸ ਵਿਚ ਹੈ ਕਿ ਖਾੜਕੂ ਧਿਰਾਂ ਨੂੰ ਸਾਂਝੇ ਦੁਸ਼ਮਣ ਖਿਲਾਫ਼ ਇਕ ਦੂਸਰੇ ਨੂੰ ਸਹਿਯੋਗ ਦੇਣਾ ਚਾਹੀਦਾ ਹੈ । ਆਖਰ ਅਜੇ ਨਾ ਤਾਂ ਕੋਈ ਅੰਤਿਮ ਜੇਤੂ ਹੀ ਹੈ ਤੇ ਨਾ ਕੋਈ ਹਥਿਆਰ ਸੁੱਟ ਕੇ ਬੈਠਾ ਹੈ । ਦੋਹਾਂ ਧਿਰਾਂ ਨੇ ਸਰਕਾਰ ਦਾ ਬਹੁਤ ਜਬਰ ਝੱਲਿਆ ਹੈ ਅਸੀਂ ਤਾਂ ਇਹਨਾਂ ਦਾ ਸੁਖਰਾਜ ਮਾਰੇ ਜਾਣ ਵੇਲੇ ਵੀ ਜਥੇਬੰਦੀ ਵਿਚ ਅਵਾਜ਼ ਉਠਾਣੀ ਚਾਹੀ ਸੀ, ਪਰ ਮਗਰੋਂ ਪਤਾ ਲੱਗਾ ਕਿ ਖੱਦਰ ਉਤੇ ਐਕਸ਼ਨ ਕਿਸੇ ਬੁੱਧ ਵੱਲੋਟ ਨੇ ਸਿਰਫ਼ ਆਪਣੀ ਟੌਹਰ ਬਣਾਉਣ ਲਈ ਹੀ ਕਰ ਛਡਿਆ ਸੀ । ਪਾਰਟੀ ਦੇ ਫੈਸਲੇ ਨਾਲ ਨਹੀਂ । ਸੁਰਖ ਰੇਖਾ ਵਾਲੇ ਵੀ ਜਦ ਸੰਤਾਂ ਬਾਰੇ ਕੁਫ਼ਰ ਤੋਲਦੇ ਹਨ ਤਾਂ ਮਨ ਨੂੰ ਦੁੱਖ ਹੁੰਦਾ ਹੈ । ਸ਼ਾਇਦ ਦੋਹਾਂ ਧਿਰਾਂ ਵਿਚ ਸਿਆਸੀ ਸੂਝ ਦੀ ਘਾਟ ਹੈ । ਪਰ 'ਸਮਤਾ' ਦੇ ਸੰਪਾਦਕ ਨੂੰ ਇਸ ਧੂਹ ਘੜੀਸ ਵਿਚ ਘਸੀਟਣਾ ਨਜਾਇਜ਼ ਹੈ ਕਿਉਂਕਿ ਸਾਡੇ ਵਿਚੋਂ ਬਹੁਤੇ ਨੌਜਵਾਨ ਵੀ ਉਨ੍ਹਾਂ ਦੇ ਹੀ ਨਾਟਕ ਅਤੇ ਲੇਖ ਪੜ੍ਹਕੇ ਜ਼ੁਲਮ ਵਿਰੁਧ ਲੜਨ ਨਿਕਲੇ ਹਨ । ਆਪਣੀ ਧਿਰ ਦੇ ਕੁਝ ਭੁੱਲੜ ਸਿੰਘਾਂ ਦੀ ਇਸ ਗਲਤੀ ਲਈ ਅਸੀਂ ਮੁਆਫ਼ੀ ਚਾਹੁੰਦੇ ਹਾਂ । ਆਸ ਹੈ ਤੁਸੀਂ ਗੁੱਸਾ ਨਹੀਂ ਕਰੋਂਗੇ ।

ਗੁਰਤੇਜ ਸਿੰਘ ਖਾਲਸਾ
ਸਰਬਜੀਤ ਸਿੰਘ ਦੁਸਾਂਝ
ਗੁਰਬਹਾਦਰ ਸਿੰਘ ਨਿਡਰ

## 2. ਧਾਰਮਿਕ ਜਨੂੰਨੀਆਂ ਦੇ ਨਾਂ ਪੱਤਰ

ਇੰਜੀਨੀਅਰ ਦੇ ਵਿਦਿਆਰਥੀਓ, ਤੁਹਾਡੀ ਚਿੱਠੀ ਮਈ ਸਮਤਾ ਅੰਕ ਵਿਚ ਪੜ੍ਹੀ, ਜੋ ਤੁਸੀਂ ਗੁਰਸ਼ਰਨ ਭਾਅ ਜੀ ਨੂੰ ਲਿਖੀ ਸੀ, ਜਿਸ ਦਾ ਉੱਤਰ ਭਾਅ ਜੀ ਨੇ ਤੁਹਾਨੂੰ ਆਪਣੇ ਵਲੋਂ ਦੇ ਦਿੱਤਾ ਹੈ । ਤੁਹਾਡੀ ਚਿੱਠੀ ਵਿਚ ਲਿਖੀਆਂ ਕੁਝ ਗੱਲਾਂ ਦਾ ਮੈਂ ਜਵਾਬ ਦੇਣਾ ਚਾਹੁੰਦਾ ਹਾਂ, ਆਸ ਹੈ ਤੁਸੀਂ ਮੇਰੇ ਉਤਰ ਨੂੰ ਬੜੇ ਹੀ ਸਿਆਣਪ ਤੇ ਸੰਜੀਦਾ ਢੰਗ ਨਾਲ ਪੜ੍ਹੋਗੇ ।

ਸਾਇੰਸਦਾਨ ਵੀਰੋ, ਤੁਸੀਂ ਕਮਿਊਨਿਸਟ ਪਾਰਟੀਆਂ ਨੂੰ ਫੰਡ ਖਾਊ ਕਿਹਾ ਹੈ, ਮੈਨੂੰ ਦਸੋ ਕਿਹੜੇ ਕਮਿਊਨਿਸਟ ਇਨਕਲਾਬੀ ਨੇ ਹਵੇਲੀਆਂ ਉਸਾਰ ਲਈਆਂ ਕਾਰਖਾਨੇ ਲਾ ਲਏ, ਜੇਕਰ ਇਹੋ ਜਿਹਾ ਕਮਿਊਨਿਸਟ ਹੈ ਵੀ ਉਹ ਕਮਿਊਨਿਸਟ ਇਨਕਲਾਬੀ ਨਹੀਂ, ਆਪਣੇ ਨਾਂ ਨਾਲ ਕੋਈ ਕਮਿਊਨਿਸਟ ਨਹੀਂ ਬਣ ਜਾਂਦਾ ।

ਬਾਕੀ ਅਕਾਲੀ ਪਾਰਟੀ ਨਾਲ ਸਬੰਧਤ ਲੀਡਰ ਵੱਡੇ ਫੰਡ ਖਾਊ ਹਨ, ਭਾਈਆਂ, ਗਰੰਥੀਆਂ, ਜਥੇਦਾਰਾਂ ਤੇ ਸੰਤਾਂ ਨੇ ਗੁਰਦੁਆਰਿਆਂ ਨੂੰ ਦੁਕਾਨਦਾਰੀ ਬਣਾ ਰਖਿਆ ਹੈ, ਇਹ ਸਾਰੇ ਵਿਹਲੜ ਪਲਦੇ ਹੀ ਗੁਰਦੁਆਰਿਆਂ ਦੀ ਚੜ੍ਹਾਵੇ ਦੀ ਕਮਾਈ ਨਾਲ ਹਨ, ਇਹ ਸਾਰਾ ਦਿਨ ਹੱਡ ਭੰਨਕੇ ਡੱਕਾ ਦੂਹਰਾ ਨਹੀਂ ਕਰਦੇ, ਸਗੋਂ ਸਾਰਾ ਦਿਨ ਕੜਾਹ ਪ੍ਰਸ਼ਾਦ ਛੱਕਕੇ ਲੰਮੇ ਪਏ ਰਹਿੰਦੇ ਹਨ ਤੇ ਅੰਨ ਸਾੜਦੇ ਹਨ, ਇਹ ਧਾਰਮਿਕ ਜਨੂੰਨੀ ਲੋਕ ਮਿਹਨਤਕਸ਼ ਲੋਕਾਂ ਦੇ ਸਿਰ ਤੇ ਐਸ਼ ਕਰਦੇ ਹਨ, ਹੈ ਨਾ ਮਲਕ ਭਾਗੋਆਂ ਵਾਲੇ ਕੰਮ ।

ਤੁਹਾਡੇ ਅਕਾਲੀਆਂ ਨੇ ਪੰਜਾਬੀ ਸੂਬੇ ਵਾਸਤੇ ਮੋਰਚਾ ਲਾਇਆ ਤੇ ਮਿਹਨਤਕਸ਼ ਲੋਕਾਂ ਦਾ ਖੂਨ ਵਹਾ ਕੇ ਸੂਬੀ ਜਿਹੀ ਬਣਾ ਲਈ ਤੇ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਹਾਲੇ ਵੀ ਹਰਿਆਣਾ, ਹਿਮਾਚਲ ਵਿਚ ਰਹਿ ਗਏ ਹਨ, ਜੋ ਅਜੇ ਤਕ ਪੰਜਾਬ ਨੂੰ ਨਹੀਂ ਮਿਲੇ ? ਕੀ ਇਸ ਨੂੰ ਤੁਸੀਂ ਸਫਲ ਮੋਰਚਾ ਕਹੋਗੇ । ਆਉਣ ਵਾਲੀਆਂ ਪੀੜੀਆਂ ਅਕਾਲੀ ਲੀਡਰਾਂ ਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ । ਇਹਨਾਂ ਮਸੰਦਾਂ ਕੋਲ ਪਹਿਲਾਂ ਵੀ ਦੋ ਵਾਰ ਰਾਜ ਸੱਤਾ ਹੱਥ ਆ ਚੁੱਕੀ ਹੈ, ਪਰ ਫਿਰ ਵੀ ਇਹ ਪਾਣੀਆਂ ਦਾ ਮਸਲਾ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਬਾਰੇ, ਵਰਗੇ ਮਸਲੇ ਹੱਲ ਨਹੀਂ ਕਰਵਾ ਸਕੇ । ਤੇ ਹੁਣ ਫਿਰ ਜਦੋਂ ਲੱਖਾਂ ਹੀ ਸਿਖ (ਪੰਜਾਬੀ) ਝੂਠੇ ਕੇਸਾਂ ਵਿਚ ਫਸਾਏ ਜਾ ਰਹੇ ਹਨ, ਕਹਿਣ ਦਾ ਭਾਵ ਹੁਣ ਲੋਕ ਜਾਣ ਢੱਠੇ ਖੂਹ ਵਿਚ । ਵਾਰੇ ਵਾਰੇ ਜਾਈਏ ਇਨਾਂ ਲਕੜ ਸਿਰੇ ਅਕਾਲੀ ਲੀਡਰਾਂ ਦੇ ।

ਬਾਕੀ ਹਥਿਆਰਬੰਦ ਇਨਕਲਾਬ ਬਾਰੇ ਤੁਹਾਨੂੰ ਭਾਅ ਜੀ ਨੇ ਸਪੱਸ਼ਟ ਕਰ ਦਿੱਤਾ ਹੈ । ਇਨਕਲਾਬ

ਵਾਕਿਆ ਹੀ ਬੰਦੂਕ ਦੀ ਨਾਲੀ ਚੋਂ ਨਿਕਲਦਾ ਹੈ ਪਰ ਨਿਸ਼ਾਨਾ ਠੀਕ ਹੋਣਾ ਚਾਹੀਦਾ ਹੈ, ਬੇਗੁਨਾਹ ਆਮ ਜਨਤਾ ਨੂੰ ਮਾਰਿਆਂ ਤਾਂ ਇਨਕਲਾਬ ਨਹੀਂ ਆ ਸਕਦਾ, ਇਨਕਲਾਬ ਏਕੇ ਸਦਕਾ ਲੁਟੇਰੀ ਜਮਾਤ ਨੂੰ ਖਤਮ ਕਰਕੇ ਹੀ ਆ ਸਕੇਗਾ। ਇਸ ਲੁਟੇਰੀ ਜਮਾਤ ਵਿਚ ਬਾਦਲ, ਟੌਹੜਾ, ਬਲਵੰਤ ਸਿੰਘ ਤੇ ਹੋਰ ਬਹੁਤ ਸਾਰੇ ਸਿੱਖ ਧਨਾਡ ਵੀ ਆਉਂਦੇ ਹਨ, ਜੋ ਮਜ਼ਦੂਰ ਜਮਾਤ ਦੀ ਲੁੱਟ ਕਰਦੇ ਹਨ। ਜਿਨ੍ਹਾਂ ਦੀ ਰਖਵਾਲੀ ਗਿਆਨੀ ਜ਼ੈਲ ਸਿੰਘ, ਦਰਬਾਰਾ, ਬੂਟਾ ਸਿੰਘ ਵਰਗੇ ਸਿਖ ਲੀਡਰ ਹੀ ਹੀ ਕਰਦੇ ਹਨ, ਸਮਝੋ ਕਿ ਨਹੀਂ ਸਮਝੋ, ਮੇਰਾ ਖਿਆਲ ਆ, ਅਜੇ ਵੀ ਸਮਝ ਨਹੀਂ ਆਈ, ਚਲੋ ਹੋਰ ਅਗੇ ਚਲੋ।

ਅਗੇ ਤੁਸੀਂ ਲਿਖਿਆ ਹੈ ਕਿ ਭਿੰਡਰਾਂਵਾਲਾ ਬਹੁਤ ਡੂੰਘਾ ਸੋਚਦਾ ਸੀ, ਕਿਸੇ ਕਮਿਊਨਿਸਟ ਪਾਰਟੀ ਦੇ ਆਗੂ ਨੇ ਇੰਨਾ ਡੂੰਘਾ ਕਦੇ ਨਹੀਂ ਸੋਚਿਆ ਹੋਣਾ, ਅਖੇ ਭਿੰਡਰਾ ਵਾਲਾ ਕਹਿੰਦਾ ਸੀ ਕਿ ਸਿੱਖ ਮੁੰਡੇ ਦਾ ਬਾਪ ਮਰ ਜਾਵੇ, ਤਾਂ ਉਸ ਨੂੰ ਟੈਕਸ ਦੇਣਾ ਪੈਂਦਾ ਹੈ। ਪਹਿਲੀ ਗੱਲ ਤਾਂ ਇਹ ਕਿ ਸਾਰੇ ਸਿੱਖਾਂ ਕੋਲ ਜ਼ਮੀਨ ਨਹੀਂ, ਗੈਰ ਸਿਖਾਂ ਕੋਲ ਹਿੰਦੁਸਤਾਨ ਦੀ 97%—98% ਜ਼ਮੀਨ ਹੈ। ਕੀ ਗੈਰ ਸਿੱਖਾਂ ਕੋਲ ਜਿਨ੍ਹਾਂ ਕੋਲ ਜ਼ਮੀਨ ਹੈ ਉਨਾਂ ਨੂੰ ਟੈਕਸ ਨਹੀਂ ਦੇਣਾ ਪੈਂਦਾ। ਬਾਕੀ ਟੈਕਸ ਤਾਂ ਹਰ ਭਾਰਤੀ ਦੇਂਦਾ ਹੈ, ਹਰ ਵਿਕਾਊ ਚੀਜ਼ ਤੇ ਟੈਕਸ ਅਦਾ ਕਰਕੇ ਹੀ ਅਸੀਂ ਚੀਜ਼ ਖਰੀਦ ਸਕਦੇ ਹਾਂ, ਫਿਰ ਭਿੰਡਰਾਂ ਵਾਲਾ ਕਿਵੇਂ ਕਹਿੰਦਾ ਸੀ ਕਿ ਸਿਰਫ ਸਿੱਖਾਂ ਨੂੰ ਹੀ ਟੈਕਸ ਦੇਣਾ ਪੈਂਦਾ ਹੈ, ਇਹ ਮਹਿਜ਼ ਇਕ ਜਨੂੰਨੀ ਸੋਚ ਹੈ।

ਫਿਰ ਅਗੇ ਚੱਲ ਕੇ ਤੁਸੀਂ ਆਪਾ-ਵਿਰੋਧੀ ਗੱਲਂ ਕਰਕੇ ਲਿਖਿਆ ਹੈ, 'ਨਾ ਹੀ ਕਿਤੇ ਭਿੰਡਰਾਂਵਾਲੇ ਨੇ ਸੋਚਿਆ ਸੀ ਕਿ ਉਸ ਦੀ ਕਰਤੂਤ ਬਾਹਰਲੇ ਸਿੱਖ ਭਰਾਵਾਂ ਦੇ ਕਤਲ ਕਰਵਾਏਗੀ, ਜਦੋਂ ਕਿ ਕਮਿਊਨਿਸਟ ਇਨਕਲਾਬੀਆਂ ਤੇ ਭਾਅ ਜੀ ਹੋਰਾਂ ਨੇ ਤਿੰਨ ਸਾਲ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਭਿੰਡਰਾਂਵਾਲੇ ਦੀਆਂ ਕਾਰਵਾਈਆਂ ਪੰਜਾਬ ਤੋਂ ਬਾਹਰਲੇ ਸਿੱਖਾਂ ਦਾ ਕਤਲੇਆਮ ਕਰਵਾਉਣ-ਗੀਆਂ ਤੇ ਇਹ ਭਿੰਡਰਾਂਵਾਲੇ ਦੀਆਂ ਕਾਰਵਾਈਆਂ ਦਾ ਹੀ ਫਲ ਸੀ ਕਿ ਦਿੱਲੀ, ਕਾਨਪੁਰ ਤੇ ਭਾਰਤ ਦੇ ਹੋਰ ਬਹੁਤ ਸਾਰੇ ਇਲਾਕਿਆਂ ਵਿਚ ਸਿੱਖ ਭਰਾਵਾਂ ਦਾ ਕਤਲੇਆਮ ਹੋਇਆ। ਤੇ ਤੁਸੀਂ ਕਹਿੰਦੇ ਹੋ ਕਿ ਭਿੰਡਰਾਂ-ਵਾਲਾ ਬਹੁਤ ਡੂੰਘਾ ਸੋਚਦਾ ਸੀ, ਜੇਕਰ ਡੂੰਘਾ ਸੋਚਦਾ ਹੁੰਦਾ ਤਾਂ ਉਨ੍ਹਾਂ ਆਪਣੀਆਂ ਫਿਰਕੂ ਜ਼ਹਿਰੀਲੀਆਂ ਤੇ ਕਾਤਲਾਨਾ ਕਾਰਵਾਈਆਂ ਦੇ ਸਿੱਟਿਆਂ ਦਾ ਪਤਾ ਹੁੰਦਾ ਕਿ ਮੇਰਾ ਹਿੰਦੂਆਂ ਖਿਲਾਫ (5000 ਹਿੰਦੂ ਕਤਲ ਕਰ ਦਿਆਂਗਾ ਵਾਲਾ ਬਿਆਨ) ਦੁਸ਼ਮਣੀ ਵਾਲਾ ਰਵਈਆ ਪੰਜਾਬ ਤੋਂ ਬਾਹਰ ਬੈਠੇ ਸਿਖਾਂ ਦਾ ਕਤਲੇਆਮ ਕਰਵਾਏਗਾ। ਕੀ ਇਸ ਨੂੰ ਹੁਣ ਵੀ ਤੁਸੀਂ ਡੂੰਘੀ ਸੋਚ ਵਾਲਾ ਕਹੋਗੇ।

ਅਗੇ ਚੱਲ ਕੇ ਤੁਸੀਂ ਕਿਹਾ ਹੈ ਕਿ ਨਕਸਲਬਾੜੀ ਲਹਿਰ ਖਤਮ ਹੋ ਗਈ, ਇਹ ਤੁਸੀਂ ਕਿਵੇਂ ਕਹਿ ਸਕਦੇ ਹੋ। ਨਕਸਲਬਾੜੀ ਲਹਿਰ ਅੱਜ ਕੱਲ ਹਿੰਦੋਸਤਾਨ ਵਿਚ ਤੇ ਪੰਜਾਬ ਵਿਚ ਵੀ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰ ਰਹੀ ਹੈ। ਪੰਜਾਬ ਵਿਚ ਇਹ ਲਹਿਰ ਪੀ. ਐਸ. ਯੂ., ਕਮਿਊਨਿਸਟ ਯੂਥ ਲੀਗ, ਕਿਰਤੀ ਕਿਸਾਨ ਯੂਨੀਅਨ ਭੱਠਾ ਮਜ਼ਦੂਰ ਯੂਨੀਅਨ, ਟੈਕਨੀਕਲ ਸਰਵਿਸਜ਼ ਯੂਨੀਅਨ, ਅਧਿਆਪਕਾਂ ਦੀ ਲੰਬੀ ਗਰੁੱਪ ਨਾਲ ਸਬੰਧਤ ਯੂਨੀਅਨ ਤੇ ਹੋਰ ਬਹੁਤ ਸਾਰੀਆਂ ਮਜ਼ਦੂਰ ਕਿਸਾਨਾਂ ਤੇ ਮੁਲਾਜ਼ਮ ਜਥੇਬੰਦੀਆਂ ਵਿਚ ਨਕਸਲਬਾੜੀ ਲਹਿਰ ਆਪਣੇ ਦਾਅ ਪੇਚਾਂ ਰਾਹੀਂ ਲੜਾਈ ਲੜ ਰਹੀ ਹੈ।

ਬਾਕੀ 71-72 ਜਾਂ ਇਸ ਤੋਂ ਬਾਅਦ ਜਿੰਨੇ ਵੀ ਨਕਸਲਾਈਟ ਦੇਸ਼ ਭਗਤ ਸ਼ਹੀਦ ਕੀਤੇ, ਇਨ੍ਹਾਂ ਦਾ ਬਦਲਾ ਲੋਕ ਤੇ ਸਿਰਫ ਲੋਕ ਹੀ ਇਕ ਦਿਨ ਲੋਕ ਕਚਹਿਰੀਆਂ ਲਾ ਕੇ ਕਾਤਲਾਂ ਨੂੰ ਸਜ਼ਾ ਦੇਣਗੇ। ਉਹ ਦਿਨ ਨਜ਼ਦੀਕ ਆ ਰਹੇ ਹਨ, ਇਨ੍ਹਾਂ ਹੱਕ ਸੱਚ ਲਈ ਲੜਨ ਵਾਲਿਆਂ ਸੂਰਮਿਆਂ ਦਾ ਬਦਲਾ ਹੋਰ ਤੁਹਾਡੇ ਜਿਹੇ ਕੜਾਹ ਖਾਣੇ ਪੱਗੜ ਸਿੰਘ ਲੈਣਗੇ।

ਬਾਕੀ ਅੱਗੇ ਤੁਸੀਂ ਕਿਹਾ ਕਿ ਭਿੰਡਰਾਂਵਾਲਾ 3-4 ਸਾਲਾਂ ਵਿਚ ਦੁਨੀਆਂ ਸਾਹਮਣੇ ਉਭਰਕੇ ਆਇਆ। ਦੁਨੀਆਂ ਸਾਹਮਣੇ ਉਭਰਕੇ ਤਾਂ ਮੁਸੋਲੀਨੀ, ਟੋਜੋ, ਹਿਟਲਰ ਤੇ ਉਡਵਾਇਰ ਵਰਗੇ ਦੱਲੇ ਵੀ ਆਏ ਸਨ, ਪਰ ਉਭਰਕੇ ਸਾਹਮਣੇ ਆਉਣ ਵਿਚ ਬਹੁਤ ਫਰਕ ਹੈ। ਇਹਨਾਂ ਦਰਿੰਦਿਆਂ ਦੇ ਹਸ਼ਰਾਂ ਬਾਰੇ ਤੁਹਾਨੂੰ ਪਤਾ ਹੈ ?

ਤੁਸੀਂ ਅਗੇ ਫਿਰ ਕਿਹਾ ਹੈ ਕਿ 30 ਲੱਖ ਵਿਦਿ-ਆਰਥੀ ਫੈਡਰੇਸ਼ਨ ਮਗਰ ਕਿਉਂ ਨਹੀਂ ਲੱਗੇ। ਕਿਉਂਕਿ ਫੈਡਰੇਸ਼ਨ ਜਨੂੰਨੀਆਂ ਦੀ ਜਥੇਬੰਦੀ ਸੀ, ਉਹ ਸਿਰਫ ਇਕ ਫਿਰਕੇ ਦੀ ਗੱਲ ਕਰਦੇ ਸਨ, ਵਿਦਿਆਰਥੀਆਂ ਨੂੰ ਫੈਡ-ਰੇਸ਼ਨ ਨਾਲ ਮਤਭੇਦ ਸਨ, ਕਿਉਂਜੁ ਫੈਡਰੇਸ਼ਨੀਏ ਕਿਸੇ ਗੈਰ ਸਿਖ ਨੂੰ ਦੇਖਕੇ ਰਾਜ਼ੀ ਨਹੀਂ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਫੈਡਰੇਸ਼ਨ ਵਾਲਿਆਂ ਦੀਆਂ ਦਹਿਸ਼ਤ-ਪਸੰਦ ਕਾਰਵਾਈਆਂ ਬਾਰੇ ਤੁਹਾਨੂੰ ਨਹੀਂ ਪਤਾ ? (ਪੜ੍ਹੋ ਸੁਰਖ ਰੇਖਾ)

ਬਾਕੀ ਰੀਗਲ ਸਿਨਮਾ ਇਕ ਵਾਰ ਤਾਂ ਬੰਦ ਕਰਵਾ ਦਿੱਤਾ ਹੈ, ਜੇਕਰ ਫਿਰ ਵੀ ਚਾਲੂ ਕੀਤਾ ਤਾਂ ਇਹ ਸ਼ਹੀਦੀ ਯਾਦਗਾਰ ਦੇ ਅਸਲੀ ਵਾਰਸ ਹਰ ਕਿਸਮ ਦੀ ਕੁਰਬਾਨੀ ਦੇ ਕੇ ਵੀ, ਇਸ ਨੂੰ ਸ਼ਹੀਦੀ ਯਾਦਗਾਰ ਵਜੋਂ ਕਾਇਮ ਰਖਣਗੇ ਤੇ ਇਸ ਵਿਚ ਕੰਜਰਪੁਣਾ ਤੇ ਝਾਂਜਰ ਦੀ ਛਣਕਾਰ ਨਹੀਂ ਪੈਣ ਦੇਣਗੇ। ਬਾਕੀ ਜੇਕਰ ਤੁਹਾਨੂੰ ਇਹੋ

Registered with the Registrar, News Papers, Vide No. MA/12397-D dated 18.4.80
Post-Office No. P/AR—133

ਜਿਹਾ ਕੰਜਰਪੁਣਾ ਚੰਗਾ ਲਗਦਾ ਹੈ ਤਾਂ ਤੁਸੀਂ ਆਪ ਚਲਾ ਲਵੋ। ਬਾਕੀ ਹਰਜੀਤ, ਸਵਰਨ ਵਰਗੇ ਸੂਰਮਿਆਂ ਨੇ ਲੋਕਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਗੁੰਡਿਆਂ ਹੱਥੋਂ ਬਚਾਉਣ ਵਾਸਤੇ ਤੇ ਸਿਨਮੇ ਵਿਚ ਹੋ ਰਹੀ ਟਿਕਟਾਂ ਦੀ ਬਲੈਕ ਰੋਕਣ ਵਾਸਤੇ ਆਪਣੀਆਂ ਕੁਰਬਾਨੀਆਂ ਦਿੱਤੀਆਂ ਸਨ। ਜੇਕਰ ਤੁਹਾਨੂੰ ਇਨਾਂ ਮਹਾਨ ਸੂਰਮਿਆਂ ਦੀ ਸੂਰਮ-ਗਤੀ ਚੰਗੀ ਨਹੀਂ ਲਗਦੀ ਤਾਂ ਤੁਸੀਂ ਵੀ ਰੰਗੀਲ ਸਿਨਮੇ ਦੇ ਮਾਲਕਾਂ ਦਾ ਸਾਥ ਦਿਉ।

ਬੇ-ਹਥਿਆਰੇ ਲਾਲਾ ਜਗਤ ਨਰਾਇਣ ਵਰਗਿਆਂ ਨੂੰ ਮਾਰਨਾ ਸਿੱਖੀ ਅਸੂਲਾਂ ਦੇ ਉਲਟ ਹੈ, ਮਹਾਨ ਗੁਰੂ ਗੋਬਿੰਦ ਸਿੰਘ ਤੇ ਇਸ ਦੇ ਸੂਰਮੇ ਸਿੰਘ ਕਦੇ ਵੀ ਕਿਸੇ ਬੇ-ਹਥਿਆਰੇ ਬੰਦੇ ਤੇ ਵਾਰ ਨਹੀਂ ਕਰਦੇ ਸਨ। ਕੀ ਲਾਲਾ ਜਗਤ ਨਰਾਇਣ ਨੂੰ ਮਾਰਕੇ ਹਿੰਦ ਸਮਾਚਾਰ ਸਮੂਹ ਅਖਬਾਰ ਬੰਦ ਹੋ ਗਿਆ? ਕੀ ਨਿਰੰਕਾਰੀ ਨੂੰ ਮਾਰਕੇ ਨਿਰੰਕਾਰੀ ਮੱਤ ਖਤਮ ਹੋ ਗਿਆ? ਕੀ ਹਰਬੰਸ ਲਾਲ ਖੰਨੇ ਨੂੰ ਮਾਰਕੇ ਭਾਰਤੀ ਜਨਤਾ ਪਾਰਟੀ ਖਤਮ ਹੋ ਗਈ? ਕੀ ਗਿਆਨੀ ਬਚਨ ਸਿੰਘ ਜਾਂ ਹੋਰ ਪੁਲੀਸ ਵਾਲਿਆਂ ਨੂੰ ਮਾਰਕੇ ਪੰਜਾਬ ਪੁਲੀਸ ਨੂੰ ਖਤਮ ਕਰ ਦਿੱਤਾ ਜੇਕਰ ਇਹ ਕੁਝ ਖਤਮ ਹੋ ਜਾਂਦਾ ਤਾਂ ਅਸੀਂ ਸਮਝਦੇ ਕਿ ਤੁਹਾਡਾ ਨਿਸ਼ਾਨਾ ਸਫਲ ਹੋ ਗਿਆ ਹੈ।

ਬਾਕੀ ਜੂਨ ਐਕਸ਼ਨ ਵਿਚ ਇਕ ਸਿੰਘ ਸਵਾ ਲੱਖ ਨਾਲ ਨਹੀਂ ਲੜਿਆ ਤੇ ਨਾ ਹੀ ਲੜ ਸਕਦੇ ਹਨ, ਸਗੋਂ ਜਿਹੜੇ ਸਿੱਖ ਤੀਰਥ ਯਾਤਰੀ ਹੱਥ ਖੜੇ ਕਰਕੇ ਫੌਜੀਆਂ ਦੇ ਹਵਾਲੇ ਗ੍ਰਿਫਤਾਰ ਹੋਣ ਵਾਸਤੇ ਹਰਿਮੰਦਰ ਸਾਹਿਬ ਵਿਚੋਂ ਬਾਹਰ ਆ ਰਹੇ ਸਨ, ਉਹਨਾਂ ਨੂੰ ਭਿੰਡਰਾਂਵਾਲੇ ਦੇ ਅਤਿਵਾਦੀ ਸ਼ਰਧਾਲੂਆਂ (ਪੈਰੋਕਾਰ) ਨੇ ਤੇ ਇਸ ਕੁੜੀ ਸਰਕਾਰੀ ਦੀ ਪਾਲਤੂ ਫੌਜ ਨੇ ਗੋਲੀਆਂ ਨਾਲ ਭੁੰਨ ਦਿੱਤਾ ਤੇ ਇਹ ਮਸੰਦ ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਦੀ ਤਾਂ ਰਾਖੀ ਕਰਦੇ ਰਹੇ ਪਰ ਬੇ-ਗੁਨਾਹ ਔਰਤਾਂ ਤੇ ਹੁੰਦੇ ਅਣ-ਮਨੁੱਖੀ ਜ਼ੁਲਮ ਤੇ ਉਹਦੀ ਇੱਜ਼ਤ ਆਬਰੂ ਨਹੀਂ ਬਚਾ ਸਕੇ, ਇਹਨਾਂ ਪੱਗੜ ਸਿੰਘ ਲਕੜ ਸਿਰਿਆਂ ਨੂੰ ਔਰਤ ਦੀ ਇੱਜ਼ਤ ਨਾਲ ਇੱਟਾਂ ਪੱਥਰਾਂ ਦਾ ਬਣਿਆ ਅਕਾਲ ਤਖ਼ਤ ਜ਼ਿਆਦਾ ਚੰਗਾ ਲੱਗ ਰਿਹਾ ਸੀ, ਥੂਹ ਤੁਹਾਡੀ ਇਹੋ ਜਿਹੀ ਫਿਰਕੂ ਤੇ ਤੰਗ ਨਜ਼ਰੀ ਸੋਚ ਤੇ।

ਜੇਕਰ ਇੰਦਰਾ ਗਾਂਧੀ, ਹਰਾਮੀ ਭਜਨ ਲਾਲ ਤੇ ਰਾਜਸਥਾਨ ਦਾ ਮੁਖ ਮੰਤਰੀ ਸਿੱਖਾਂ ਦੇ ਖਿਲਾਫ ਨਫਰਤ ਕਰਦੇ ਸਨ ਤਾਂ ਕੀ ਭਿੰਡਰਾਂਵਾਲਾ ਵੀ ਉਨ੍ਹਾਂ ਵਾਂਗ ਹਿੰਦੂਆਂ ਦੇ ਖਿਲਾਫ ਬੋਲਕੇ ਬਰਾਬਰ ਦਾ ਦੋਸ਼ੀ ਨਹੀਂ, ਉਹ ਤਾਂ ਇਹ ਕੁਕਰਮ ਕਰ ਰਹੇ ਸਨ, ਕੀ ਭਿੰਡਰਾਂਵਾਲਾ ਵੀ ਇਹੀ ਕੁਕਰਮ ਕਰਦਾ? ਜਦੋਂ ਕਿ ਗੁਰੂ ਨਾਨਕ ਨੇ ਸਾਰੇ ਸੰਸਾਰ ਦੇ ਲੋਕਾਂ ਨੂੰ ਇਕ ਨੂਰ ਨਾਲ ਸਭ ਜੱਗ ਉਪਜਿਆ ਹੈ ਕੌਣ ਮੰਦੇ ਤੇ ਕੌਣ ਭਲੇ ਹਨ, ਸਰਬਤ ਭਲਾ ਵਰਗੇ ਸ਼ਬਦ ਸਿਖ ਮੱਤ ਵਿਚ ਵਰਤੇ ਹਨ। ਕੱਲ ਨੂੰ, ਰਾਜੀਵ ਗਾਂਧੀ ਤਾਂ ਖੂਹ 'ਚ ਡਿਗੇਗਾ, ਕੀ ਤੁਸੀਂ ਵੀ ਡਿਗੋਗੇ?

ਬਾਕੀ ਕਿਸੇ ਸ਼ਹਿਰ ਨੂੰ ਪਵਿਤਰ ਸ਼ਹਿਰ ਕਰਾਰ ਦੇਣ ਨਾਲ ਕਝ ਨਹੀਂ ਬਣਦਾ, ਜਦੋਂ ਤੱਕ ਉਸ ਸ਼ਹਿਰ ਵਿਚੋਂ ਕੁਕਰਮ ਹੋਣੇ ਨਹੀਂ ਹੱਟਦੇ, ਰਿਸ਼ਵਤ ਖੋਰੀ, ਮਿਲਾਵਟ ਖੋਰੀ ਜਾਂ ਫਿਰ ਇਕ ਫਿਰਕੇ ਵਲੋਂ ਦੂਜੇ ਫਿਰਕੇ ਦੇ ਲੋਕਾਂ ਖਿਲਾਫ ਨਫਰਤ ਹੋਣੇ ਨਹੀਂ ਹੱਟਦੀ। ਕੀ ਗੁਰਦੁਆਰੇ ਨੂੰ ਪਵਿਤਰ ਸ਼ਹਿਰ ਕਰਾਰ ਦੇਕੇ ਉਥੇ ਹੇਰਾ ਫੇਰੀਆਂ, ਲੁਟ ਖੋਹ, ਬੇਈਮਾਨੀਆਂ ਜਾਂ ਹੋਰ ਕੁਕਰਮ ਹੋਣੋਂ ਹੱਟ ਗਏ? ਬਿਲਕੁਲ ਨਹੀਂ, ਉਥੇ ਹਰ ਤੀਰਥ ਯਾਤਰੀ ਨੂੰ ਵਰਗਲਾਕੇ ਲੁਟਿਆ ਜਾਂਦਾ ਹੈ, ਜੇਬਾਂ ਕੱਟੀਆਂ ਜਾਂਦੀਆਂ ਹਨ। ਕੀ ਇਹੋ ਜਿਹੇ ਸ਼ਹਿਰ ਨੂੰ ਪਵਿੱਤਰ ਕਹਿ ਸਕਦੇ ਹਾਂ?

ਕੀ ਅਮਰੀਕਨ ਕੁੜੀ ਨਾਲ ਗੁਰੂ ਨਾਨਕ ਨਿਵਾਸ ਵਿਚ ਬਲਾਤਕਾਰ ਕਰਨ ਨਾਲ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਕਾਇਮ ਰਹਿ ਗਈ? ਕੀ ਪਰਚੀਆਂ ਕੱਢਕੇ ਬੇਗੁਨਾਹ ਹਿੰਦੂਆਂ ਨੂੰ ਮਾਰਨ ਦੇ ਜਿਥੋਂ ਫੁਰਮਾਨ ਜਾਰੀ ਕੀਤੇ ਜਾਂਦੇ ਹੋਣ, ਉਸ ਦੀ ਪਵਿਤਰਤਾ ਕਾਇਮ ਰਹਿ ਗਈ? ਅਕਾਲ ਤਖਤ ਨੂੰ ਤੋੜ ਕੇ ਮੋਰਚੇਬੰਦੀ ਕਰਨ ਨਾਲ ਅਕਾਲ ਤਖਤ ਦੀ ਪਵਿਤਰਤਾ ਕਾਇਮ ਰਹਿ ਗਈ?

ਤੁਸੀਂ ਸਾਇੰਸ ਦੇ ਵਿਦਿਆਰਥੀ ਹੋ ਕੇ ਵੀ ਰੂੜੀ-ਵਾਦੀ ਖਿਆਲ (ਵਿਚਾਰਧਾਰਾ) ਰੱਖਦੇ ਹੋ, ਫਿਰ ਤੁਸੀਂ ਵਿਗਿਆਨ (Science) ਦੀ ਸੁਆਹ ਸੇਵਾ ਕਰੋਗੇ। ਕੀ ਤੁਹਾਡੀ ਇਸ ਰੂੜੀਵਾਦੀ ਸੋਚ ਨਾਲ ਵਿਗਿਆਨ ਦਾ ਕੋਈ ਦੂਰ ਦਾ ਵਾਸਤਾ ਵੀ ਹੈ?

ਅਗੇ ਚਲਕੇ ਤੁਸੀਂ ਲਿਖਿਆ ਹੈ ਕਿ ਭਿੰਡਰਾਂਵਾਲੇ ਦਾ ਬਦਲਾ 5 ਮਹੀਨਿਆਂ ਅੰਦਰ ਹੀ ਗੁਰੂ ਗਰੰਥ ਸਾਹਿਬ ਦੀ ਕ੍ਰਿਪਾ ਨਾਲ ਲੈ ਲਿਆ। ਉਥੇ ਭੱਦਰਪੁਰਸ਼ੋ, ਗੁਰੂ ਗਰੰਥ ਸਾਹਿਬ ਇੰਦਰਾ ਦੇ ਕਤਲ ਵੇਲੇ ਕਿਥੇ ਸੀ, ਗੁਰੂ ਗਰੰਥ ਸਾਹਿਬ ਜੂਨ 1984 ਦੇ ਫੌਜੀ ਐਕਸ਼ਨ (ਅਪਰੇਸ਼ਨ ਬਲਿਊ ਸਟਾਰ) ਵੇਲੇ ਕਿਥੇ ਸੀ? ਇੰਦਰਾ ਦਾ ਕਤਲ ਤਾਂ ਰਿਵਾਲਵਰ ਤੇ ਸਟੇਨਗੰਨ ਨਾਲ ਕੀਤਾ ਗਿਆ ਸੀ। ਹਾਂ, ਅਸੀਂ ਗੁਰੂ ਗਰੰਥ ਸਾਹਿਬ ਦੀ ਕ੍ਰਿਪਾ ਤਾਂ ਮੰਨ ਦੇ ਜੇਕਰ ਬਿਨਾ ਰਿਵਾਲਵਰ ਤੇ ਸਟੇਨਗੰਨ

(ਬਾਕੀ ਸਫ਼ਾ 14 ਤੇ)